

ਪ੍ਰਕਾਸ਼ਨ ਨੰ:
28

ਗੁਰਬਾਣੀ ਦੀਆਂ ਲਗਾਂ ਮਾਤਰਾਂ ਦੇ ਨੇਮ ਕਿਵੇਂ ਸਿੱਖੀਏ?

ਗੁਰਬਾਣੀ ਵਿਆਕਰਣ ਦੇ ਸਰਲ ਨੇਮ

ਪ੍ਰਕਾਸ਼ਕ
ਸਿੱਖ ਮਿਸ਼ਨਰੀ ਕਾਲਜ (ਰਜਿ
ਲੁਧਿਆਣਾ

Rs. 20

ਫ਼੍ਰੀ ਲਿਟਰੇਚਰ ਫ਼ੰਡ ਵਿੱਚ ਆਪਣਾ ਹਿੱਸਾ ਪਾਉ ਜੀ

ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਨੇ ਹਰ ਸਿੱਖ ਘਰ ਵਿੱਚ ਫ਼੍ਰੀ ਧਾਰਮਿਕ ਲਿਟਰੇਚਰ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ। ਹਰ ਮਹੀਨੇ 60,000 ਦੀ ਗਿਣਤੀ ਵਿੱਚ ਗੁਰਬਾਣੀ, ਸਿੱਖ ਇਤਿਹਾਸ ਤੇ ਰਹਿਤ ਮਰਯਾਦਾ ਦੇ ਕਿਸੇ ਪਹਿਲੂ ਤੇ ਲਿਟਰੇਚਰ ਛਾਪ ਕੇ ਵੰਡਿਆ ਜਾ ਰਿਹਾ ਹੈ। ਧਰਮ ਪ੍ਰਚਾਰ ਦੀ ਇਸ ਮਹਾਨ ਸੇਵਾ ਵਿੱਚ ਹਿੱਸਾ ਪਾਉਣ ਲਈ ਹਰ ਪਾਠਕ ਨੂੰ ਬੇਨਤੀ ਕੀਤੀ ਜਾਂਦੀ ਹੈ। ਆਪ ਇਹ 16 ਸਫੇ ਦਾ ਲਿਟਰੇਚਰ 150 ਰੁਪਏ ਪ੍ਰਤੀ ਸੈਂਕੜਾ ਅਤੇ 24 ਪੰਨਿਆਂ ਦਾ ਫਰੀ ਲਿਟਰੇਚਰ 200 ਰੁਪਏ ਪ੍ਰਤੀ ਸੈਂਕੜਾ ਭੇਜ ਕੇ ਵੀ ਮੰਗਵਾ ਸਕਦੇ ਹੋ ਅਤੇ ਸੰਗਤਾਂ ਵਿੱਚ ਵੰਡ ਸਕਦੇ ਹੋ।

ਗੁਰਬਾਣੀ, ਸਿੱਖ ਇਤਿਹਾਸ ਤੇ ਸਿੱਖ ਰਹਿਤ ਮਰਯਾਦਾ ਸੰਬੰਧੀ ਖੋਜ ਭਰਪੂਰ ਲੇਖਾਂ ਰਾਹੀਂ ਨਿਰੋਲ ਗੁਰਮਤਿ ਵਿਚਾਰਧਾਰਾ ਨੂੰ ਪ੍ਰਚਾਰਣ ਵਾਲਾ ਮੈਗਜ਼ੀਨ

(ਪੰਜਾਬੀ, ਹਿੰਦੀ ਵਿੱਚ ਵੱਖਰਾ ਵੱਖਰਾ ਛਪਣ ਵਾਲਾ)

ਸਿੱਖ ਮਿਸ਼ਨਰੀ ਕਾਲਜ ਦਾ ਮਾਸਿਕ ਪੱਤਰ

ਸਿੱਖ ਫੁਲਵਾੜੀ
(SIKH PHULWARI)

ਸਾਲਾਨਾ ਚੰਦਾ

ਦੇਸ਼ : 100 ਰੁਪਏ
ਵਿਦੇਸ਼ : 1000 ਰੁਪਏ

ਲਾਈਫ ਮੈਂਬਰਸ਼ਿਪ

ਦੇਸ਼ : 1000 ਰੁਪਏ
ਵਿਦੇਸ਼ : 10,000 ਰੁਪਏ

ਇਕ ਕਾਪੀ : 15 ਰੁਪਏ

ਹਰ ਘਰ ਵਿਚ ਪਹੁੰਚਣਾ ਅਤਿ ਜ਼ਰੂਰੀ ਹੈ।

ਘਰ ਬੈਠੇ ਦੋ-ਸਾਲਾ ਸਿੱਖ ਮਿਸ਼ਨਰੀ ਪੱਤਰ ਵਿਹਾਰ ਕੋਰਸ

ਅੰਗ੍ਰੇਜ਼ੀ, ਹਿੰਦੀ ਤੇ ਪੰਜਾਬੀ ਵਿੱਚ ਦਾਖਲਾ ਲੈ ਕੇ ਸਿੱਖ ਧਰਮ ਦੀ ਸਹੀ ਤੇ ਪੂਰੀ ਜਾਣਕਾਰੀ ਹਾਸਲ ਕਰੋ। ਪ੍ਰਾਸਪੈਕਟਸ (ਫਾਰਮ, ਸਿਲੇਬਸ, ਆਦਿ) 10 ਰੁਪਏ ਦੀਆਂ ਡਾਕ-ਟਿਕਟਾਂ ਭੇਜ ਕੇ ਕਾਲਜ ਦੇ ਪਤੇ ਤੋਂ ਮੰਗਵਾਉ।

ਮਾਇਆ ਭੇਜਣ ਦਾ ਪਤਾ :

Sikh Missionary College (Regd.)
1051/14, Field Ganj, Ludhiana-141 074. Tel. : 0161-5021815
Delhi Sub Office : C-135, Maan Sarover Garden, New Delhi-110015.
Tel. : 011-65330502
Jalandhar Office : Kanwar Satnam Singh Charitable Complex,
Model House Road, Basti Sheikh, Jalandhar-144002. Tel. : 0181-2430[illegible]
Jammu Sub-Office : 36, Gurdwara Singh Sabha Complex, Sector-2,
Guru Nanak Nagar, Jammu (J & K) Tel. : 0191-2439489

Web. : www.sikhmissionarycollege.org Web.: www.smcludhiana.com
E-mail : query@smcludhiana.com

ਸਤੰਬਰ 2008 4000 ਕਾਪੀ

੧ੴ ਵਾਹਿਗੁਰੂ ਜੀ ਕੀ ਫ਼ਤਹਿ॥

ਪ੍ਰਕਾਸ਼ਨ ਨੰ:
28

ਗੁਰਬਾਣੀ ਵਿਆਕਰਣ ਦੇ ਸਰਲ ਨੇਮ



ਪ੍ਰਕਾਸ਼ਕ
ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

ਗੁਰਬਾਣੀ ਵਿਆਕਰਣ ਦੇ ਸਰਲ ਨੇਮ

ਪ੍ਰਕਾਸ਼ਕ : ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ।
ਛਾਪਕ : ਬਰਾਈਟ ਪ੍ਰਿੰਟਰਜ਼, ਜਲੰਧਰ।
ਟਾਈਪਸੈਟਿੰਗ : ਐਡਵਾਂਸਡ ਕੰਪਿਊਟਰਜ਼ ਜਲੰਧਰ।

ਮਿਲਣ ਦੇ ਪਤੇ :

ਸਿੱਖ ਮਿਸ਼ਨਰੀ ਕਾਲਜ (ਰਜਿ:)

1051/14, ਫ਼ੀਲਡ ਗੰਜ, ਲੁਧਿਆਣਾ-141 008 ਫ਼ੋਨ : 0161-5021815, 6451305
Website : www.sikhmissionarycollege.org
www.smcludhiana.com
E-mail : query@smcludhiana.com

ਸਬ-ਆਫ਼ਿਸ :

C-135, ਮਾਨਸਰੋਵਰ ਗਾਰਡਨ, ਨਵੀਂ ਦਿੱਲੀ-110015 ਫ਼ੋਨ : 011-65330502

ਅਤੇ ਸਿੱਖ ਮਿਸ਼ਨਰੀ ਕਾਲਜ ਦੇ ਸਭ ਸਰਕਲਾਂ ਪਾਸੋਂ

ਗੁਰਬਾਣੀ ਵਿਆਕਰਨ ਦੇ ਸਰਲ ਨੇਮ

ਅੱਜ ਦੇ ਵਿਗਿਆਨਕ ਯੁਗ ਵਿਚ ਮਨੁੱਖ ਦੀ ਬੁੱਧੀ ਐਨੀ ਤੀਖਣ ਹੋ ਗਈ ਹੈ ਕਿ ਉਹ ਹਰ ਗੱਲ ਨੂੰ ਸਮਝਣ ਲਈ ਦਲੀਲ ਦੀ ਮੰਗ ਕਰਦਾ ਹੈ, ਉਹ ਅੰਧ-ਵਿਸ਼ਵਾਸੀ ਬਣਨ ਲਈ ਤਿਆਰ ਨਹੀਂ। ਇਸੇ ਪ੍ਰਕਾਰ ਵਿਦਿਅਕ ਖੇਤਰ ਬੰਨੇ ਵਿਦਿਅਕ ਢੰਗਾਂ ਵਿਚ ਬੜੀ ਤਬਦੀਲੀ ਆ ਗਈ ਹੈ ਪਰ ਜਦੋਂ ਅਸੀਂ ਸੰਪਰਦਾਈ ਪ੍ਰਚਾਰਕਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਉਹ ਉਥੇ ਦੇ ਉਥੇ ਹੀ ਖੜੇ ਹਨ। ਉਹ ਉਸੇ ਤਰ੍ਹਾਂ ਹੀ ਪੌਰਾਨਿਕ ਕਥਾਵਾਂ ਤੇ ਅਧਾਰਤ ਵਿਚਾਰਾਂ ਨੂੰ ਗੁਰਬਾਣੀ ਦੀ ਕਥਾ ਦਾ ਆਧਾਰ ਬਣਾਉਂਦੇ ਹਨ ਪਰ ਇਸ ਢੰਗ ਨਾਲ ਅੱਜ ਦੇ ਸਿਖਿਆਰਥੀਆਂ ਦੀ ਤਸੱਲੀ ਨਹੀਂ ਹੁੰਦੀ ਅਤੇ ਉਹ ਮਨ ਮੰਨੇ ਬਿਨਾਂ ਕੋਈ ਉਤਸ਼ਾਹਜਨਕ ਪ੍ਰੇਰਨਾ ਵੀ ਪ੍ਰਾਪਤ ਨਹੀਂ ਕਰਦੇ। ਕਈ ਵੀਰ ਇਹ ਆਖਦੇ ਹਨ ਕਿ ਗੁਰੂ ਗਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਆਕਰਨਿਕ ਨੇਮਾਂ ਦੇ ਬੰਧਨਾਂ ਤੋਂ ਮੁਕਤ ਹੈ ਕਿਉਂਕਿ ਇਹ ਧੁਰ ਤੋਂ ਆਈ ਬਾਣੀ ਸਤਿਗੁਰੂ ਜੀ ਦੇ ਸੁਰਤਿ-ਮੰਡਲ ਵਿਚ ਪ੍ਰਕਾਸ਼ਮਾਨ ਹੋਈ ਹੈ। ਅਜਿਹੇ ਵੀਰਾਂ ਦੇ ਵਿਚਾਰ ਤਾਂ ਸ਼ੁਭ ਹਨ, ਪਰੰਤੂ ਗੁਰਮਤਿ ਕਸਵੱਟੀ ਤੇ ਪੂਰੇ ਨਹੀਂ ਉਤਰਦੇ, ਕਿਉਂਕਿ ਇਕ ਅੱਖਰੀ-ਗਿਆਨ ਹੁੰਦਾ ਹੈ ਅਤੇ ਦੂਜਾ ਅਨੁਭਵੀ ਗਿਆਨ। ਅੱਖਰੀ-ਗਿਆਨ ਦੀ ਪ੍ਰਾਪਤੀ ਲਈ ਅੱਖਰਾਂ ਅਥਵਾ ਸ਼ਬਦਾਂ ਸਬੰਧੀ ਲਗਾਂ-ਮਾਤਰਾਂ ਦੀ ਜਾਣਕਾਰੀ ਅਤਿ ਜ਼ਰੂਰੀ ਹੈ ਅਤੇ ਦੂਜੇ ਪਾਸੇ ਗੁਰਮਤਿ ਅਨੁਸਾਰ ਅਨੁਭਵੀ ਪੁਰਸ਼ਾਂ ਨੂੰ ਅੱਖਰੀ ਗਿਆਨ ਪਹਿਲਾਂ ਹੀ ਹੁੰਦਾ ਹੈ ਪਰੰਤੂ ਉਹ ਵੀ ਇਸ ਦੀ ਵਰਤੋਂ ਕਰਦੇ ਹਨ।

ਅਜੋਕੇ ਬਣੇ ਸੰਤ, ਆਪਣੀ ਬੁੱਧੀ ਅਨੁਸਾਰ 'ਅਨੁਭਵ' ਸ਼ਬਦ ਦੀ ਅਯੋਗ ਵਰਤੋਂ ਕਰਦੇ ਹਨ। ਉਹ ਇਸ ਸ਼ਬਦ ਦੀ ਆੜ ਹੇਠਾਂ ਭੋਲੀ-ਭਾਲੀ ਜਨਤਾ ਨੂੰ, ਗੁਰਬਾਣੀ-ਵਿਚਾਰ ਪਾਠ ਅਤੇ ਨਿਤਨੇਮ ਤੋਂ ਵੀ ਵਰਜਦੇ ਰਹਿੰਦੇ ਹਨ ਅਤੇ ਇਉਂ ਆਖਦੇ ਹਨ ਕਿ ਗੁਰੂ ਮਹਾਰਾਜ ਨੇ ਲਿਖਿਆ ਹੈ ਕਿ ਇਕ ਅੱਖਰ ਹੀ ਕਾਫ਼ੀ ਹੈ। ਆਪਣੇ ਇਸ ਕਥਨ ਦੀ ਪੁਸ਼ਟੀ ਲਈ ਉਹ ਪ੍ਰਮਾਣ ਦਿੰਦੇ ਹਨ "ਏਕ ਅਖਰ ਹਰਿ ਮਨਿ ਬਸਤ, ਨਾਨਕ ਹੋਤ ਨਿਹਾਲ"। ਜੇ ਇਸ ਵਿਚਾਰ ਦਾ ਨਿਰਣਾ ਕਰੀਏ ਤਾਂ ਇਥੇ ਪੁਜਦੇ ਹਾਂ ਕਿ ਗੁਰੂ ਸਾਹਿਬ ਜੀ ਨੇ ਜੇ ਸੱਚ ਮੁਚ ਹੀ ਸਿੱਖਾਂ ਨੂੰ ਕੇਵਲ ਇਕੋ ਅੱਖਰ ਪੜ੍ਹਨ ਲਈ ਹੀ ਉਪਦੇਸ਼ ਦਿੱਤਾ ਹੁੰਦਾ ਤਾਂ ਕੇਵਲ 'ਵਾਹਿਗੁਰੂ' ਸ਼ਬਦ ਹੀ ਕਾਫੀ ਸੀ, ੧੪੩੦ ਪੰਨਿਆਂ ਵਿਚ ਅਸੰਖਾਂ ਅੱਖਰ ਲਿਖਵਾਉਣ ਦੀ ਕੀ ਲੋੜ ਪਈ ਸੀ ? ਇਕ ਅੱਖਰ ਜਿਸ ਵੱਲ ਇਸ਼ਾਰਾ ਹੈ, ਉਹ ਵੀ ਬਿਨਾਂ ਗੁਰੂ-ਗਿਆਨ ਦੇ ਹਿਰਦੇ ਅੰਦਰ ਨਹੀਂ ਵੱਸ ਸਕਦਾ ਅਤੇ ਉਸ ਗਿਆਨ ਦੀ ਪ੍ਰਾਪਤੀ ਲਈ ਹੀ ਗੁਰੂ ਸਾਹਿਬ ਵੱਲੋਂ ਐਡਾ ਵੱਡਾ ਉਪਰਾਲਾ ਕੀਤਾ ਗਿਆ ਜੋ ਕਿ ਉਨ੍ਹਾਂ ਦੀ ਇਕ ਅਮੁਲ ਦੇਣ ਹੈ। ਸ਼ੁੱਧ ਉਚਾਰਨ, ਬਿਸਰਾਮ ਅਤੇ ਵਿਸਤ੍ਰਿਤ ਰੂਪ ਵਿਚ ਗੁਰਬਾਣੀ ਦੀ ਵਿਆਖਿਆ ਤਾਂ ਹੀ ਹੋ ਸਕਦੀ ਹੈ ਜੇ ਸ਼ਬਦਾਵਲੀ ਦਾ ਅਰਥ-ਬੋਧ ਹੋਵੇ।

ਗੁਰਬਾਣੀ ਸਾਰੇ ਸੰਸਾਰ ਦਾ ਸਾਂਝਾ ਵਿਰਸਾ ਹੈ ਪਰ ਗੁਰੂ ਰੂਪ ਵਿਚ ਇਸ ਨੂੰ ਕੇਵਲ ਸਿੱਖ ਕੌਮ ਹੀ ਪਿਆਰਦੀ ਅਤੇ ਸਤਿਕਾਰਦੀ ਹੈ। ਵਰਤਮਾਨ ਕਾਲ ਵਿਚ

ਸਿੱਖ ਜਥੇਬੰਦੀਆਂ ਨੇ ਹੁਣ ਤਕ ਅਜਿਹਾ ਕੋਈ ਮਿਆਰ ਨਹੀਂ ਬਣਾਇਆ, ਜਿਸ ਨਾਲ ਕਿ ਗਰੰਥੀ ਸਿੰਘਾਂ ਦੀ ਯੋਗਤਾ ਨੂੰ ਪਰਖਿਆ ਜਾ ਸਕੇ, ਜਿਸ ਦੀ ਅਤਿ ਲੋੜ ਹੈ। ਗਰੰਥੀ ਸਿੰਘਾਂ ਦਾ ਫਰਜ਼ ਕੇਵਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਲੈਣਾ, ਅਰਦਾਸ ਕਰਨੀ, ਹੁਕਮਨਾਮਾ ਲੈਣਾ ਜਾਂ ਸੁਣਾਉਣਾ ਅਤੇ ਸੁਖਾਸਨ ਕਰਨ ਤੱਕ ਹੀ ਸੀਮਤ ਨਹੀਂ, ਸਗੋਂ ਇਸ ਦੇ ਉਚੇ ਸੁੱਚੇ ਉਪਦੇਸ਼ ਨੂੰ ਸਿੱਖ ਸੰਗਤਾਂ ਅਤੇ ਸਮੁੱਚੀ ਮਾਨਵਤਾ ਤਾਈਂ ਪਾਠ, ਦਰਸ਼ਨ ਅਤੇ ਦੀਦਾਰ ਦੇ ਧਿਆਨ ਦਾ ਸਨੇਹਾ ਪਹੁੰਚਾਉਣਾ ਵੀ ਹੈ। ਇਸ ਸੁਨੇਹੇ ਦਾ ਪਹਿਲਾ ਅੰਗ **ਪਾਠ** (ਪੜ੍ਹਨ ਦੀ ਕਿਰਿਆ), ਦੂਜਾ ਅੰਗ **ਦਰਸ਼ਨ** (ਫਿਲਾਸਫੀ ਅਥਵਾ ਗੁਰਮਤਿ-ਸਿਧਾਂਤ) ਅਤੇ ਤੀਜਾ ਅੰਗ **ਦੀਦਾਰ** (ਗੁਰਬਾਣੀ-ਰਹੱਸ, ਜੋਤਿ ਦਰਸ਼ਨ) ਹਨ। ਇਨ੍ਹਾਂ ਤਿੰਨਾਂ ਵਿਸ਼ਿਆਂ ਦੇ ਤੱਥਾਂ, ਬਾਰੇ ਨਿਰਣਾ ਕਰਨ ਹਿਤ ਗੁਰਬਾਣੀ ਦੀ ਟੇਕ ਲੈਣੀ ਪੈਂਦੀ ਹੈ। ਸ਼ਬਦ-ਗਿਆਨ ਦੀ ਘਾਟ ਕਾਰਨ ਅੱਜ-ਕੱਲ੍ਹ ਦੇ ਕਈ ਅਨਪੜ੍ਹ/ਅਧਪੜ੍ਹ ਅਤੇ ਚਤੁਰ ਲੋਕਾਂ ਨੇ ਬਾਣੀ ਨੂੰ ਕੇਵਲ ਪੇਟ-ਪੂਰਤੀ ਦਾ ਹੀ ਸਾਧਨ ਬਣਾ ਰਖਿਆ ਹੈ ਅਤੇ ਉਹ ਮਨਘੜਤ ਅਰਥ ਕਰਕੇ ਹੋਰਨਾਂ ਨੂੰ ਕੁਰਾਹੇ ਪਾਉਣ ਦਾ ਯਤਨ ਕਰਦੇ ਹਨ। ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਸਾਰੀ ਬਾਣੀ ਕਾਵਿ ਰੂਪ ਵਿਚ ਪਿੰਗਲਬਧ ਹੈ; ਭਾਵ ਇਹ ਅਨੇਕ ਪ੍ਰਕ੍ਰਾਰ ਦੇ ਛੰਦਾਂ ਨਾਲ ਗੁੰਦੀ ਹੋਈ ਹੈ। ਕਾਵਿ ਵਿਚ ਛੰਦਾਂ-ਬੰਦੀ, ਤੋਲ-ਤੁਕਾਂਤ, ਵਜ਼ਨ ਲੈਅ, ਰਵਾਨੀ ਅਤੇ ਮਾਤਰਾ ਨੂੰ ਮੁਖ ਰਖਿਆ ਜਾਂਦਾ ਹੈ। ਕਈ ਵਾਰੀ ਸ਼ਬਦਾਂ ਨੂੰ ਅੱਗੇ-ਪਿਛੇ ਵੀ ਵਰਤਿਆ ਜਾਂਦਾ ਹੈ ਅਤੇ ਛੋਟਾ ਲੰਮਾ ਵੀ ਕੀਤਾ ਜਾਂਦਾ ਹੈ। ਗੁਰਬਾਣੀ ਦੀ ਸ਼ਬਦਾਵਲੀ ਦਾ ਰੂਪ ਅਤੇ ਪ੍ਰਵਾਹ ਅਜੋਕੀ ਕਾਵਿ ਨਾਲੋਂ ਵੱਖਰਾ [illegible]। ਵਿਸ਼ੇਸ਼ ਕਰਕੇ ਇਸ ਦੀ ਬੋਲੀ ਅਤੇ ਲਿਖਣ ਸ਼ੈਲੀ ਦੀ ਗੌਰਵਤਾ ਵਿਲੱਖਣ ਹੈ। ਭਾਵੇਂ ਗੁਰਬਾਣੀ ਨੂੰ ਗੁਰਮੁਖੀ ਲਿਪੀ ਨਾਲ ਸ਼ਿੰਗਾਰਿਆ ਹੋਇਆ ਹੈ ਪਰ ਇਸ ਵਿਚ ਅਰਬੀ, ਫ਼ਾਰਸੀ, ਸਹਿਸਕ੍ਰਿਤੀ, ਸੰਸਕ੍ਰਿਤ, ਪੰਜਾਬੀ, ਪ੍ਰਾਕ੍ਰਿਤ ਅਤੇ ਹੋਰ ਕਈ ਅਪਭ੍ਰੰਸ਼ਾਂ ਦਾ ਸ਼ਬਦ ਭੰਡਾਰ ਵੀ ਉਪਲਬਧ ਹੈ। ਫਿਰ ਉਚਾਰਨ ਸਮੇਂ ਸੰਗੀਤ ਕਲਾ ਨੂੰ ਮੁਖ ਰਖਿਆ ਗਿਆ ਹੈ, ਸਮੁੱਚੀ ਬਾਣੀ ਰਾਗ, ਰਾਗਣੀਆਂ ਵਿਚ ਗਾਇਨ ਕੀਤੀ ਗਈ ਹੈ। ਲੈਅ, ਤਾਲ, ਸੁਰ ਨੂੰ ਮੁਖ ਰਖਦੇ ਹੋਏ ਕਈ ਥਾਵਾਂ ਤੇ ਨਵੇਂ ਸ਼ਬਦ ਵੀ ਘੜ ਕੇ ਵਰਤੇ ਗਏ ਹਨ, ਜਿਨ੍ਹਾਂ ਦੀ ਵਿਲੱਖਣਤਾ ਉਚਾਰਨ ਸਮੇਂ ਆਪ-ਮੁਹਾਰੇ ਸਾਹਮਣੇ ਆ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਰੱਬੀ-ਸੰਦੇਸ਼ਾਂ ਨੂੰ ਸਮੁੱਚੀ ਮਾਨਵਤਾ ਤਕ ਪਹੁੰਚਾਉਣ ਲਈ ਜਿਹੜੀ ਜਗਤ ਫੇਰੀ ਕੀਤੀ ਉਸ ਵਿਚ ਆਪ ਜੀ ਦਾ ਮੇਲ, ਜੋਗੀਆਂ, ਸੰਨਿਆਸੀਆਂ, ਜੈਨੀਆਂ, ਹਾਜੀਆਂ, ਕਾਜ਼ੀਆਂ, ਸ਼ੇਖਾਂ, ਸੂਫੀ ਫ਼ਕੀਰਾਂ, ਪੰਡਿਤਾਂ, ਬ੍ਰਾਹਮਣਾਂ ਅਤੇ ਹੋਰ ਕਈ ਪ੍ਰਕਾਰ ਦੇ ਕਰਮ-ਕਾਂਡੀਆਂ ਨਾਲ ਹੋਇਆ। ਇਸ ਤਰ੍ਹਾਂ ਹਰੇਕ ਮੱਤ, ਹਰ ਇਕ ਦੇਸ਼, ਇਲਾਕੇ ਦੇ ਬਹੁਰੰਗੀ ਮਨੁੱਖ ਅਤੇ ਆਤਮਵਾਦੀਆਂ ਨਾਲ ਵਿਚਾਰ-ਵਟਾਂਦਰਾ ਕਰਨ ਸਮੇਂ ਉਨ੍ਹਾਂ ਦੀ ਬੋਲੀ ਦਾ ਸ਼ਬਦ-ਭੰਡਾਰ ਵੀ ਗੁਰਬਾਣੀ ਵਿਚ ਆਇਆ।

ਕਾਦਰ ਦੀ ਕੁਦਰਤ ਵਿਚ ਹਰ ਇਕ ਚੀਜ਼ ਨੇਮ ਰੂਪੀ ਸੂਤਰ ਵਿਚ ਬੱਧੀ ਹੋਈ ਹੈ। ਜੇ ਸੰਸਾਰ ਦੇ ਜੀਵ ਧਰਮ ਰੂਪੀ ਨੇਮ ਤੋਂ ਬੇਮੁਖ ਹੋ ਜਾਣ ਤਾਂ ਦੁਨੀਆਂ

ਅੰਦਰ ਭ੍ਰਿਸ਼ਟਾਚਾਰੀ ਕਰਮਾਂ ਨਾਲ ਉਹ ਗਿਲਾਨੀ ਉਠ ਖੜੋਵੇ ਜਿਸ ਨਾਲ ਕਿ ਮਨੁੱਖੀ ਸਭਿਅਤਾ ਦਾ ਮਲੀਆਮੇਟ ਹੋ ਜਾਵੇ। ਗੁਰਬਾਣੀ ਦੇ ਭੇਦਾਂ ਨੂੰ ਸਹੀ ਰੂਪ ਵਿਚ ਸਮਝਣ ਹਿਤ, ਆਓ ਇਸਦੇ ਨੇਮਾਂ ਬਾਰੇ ਵਿਚਾਰ ਕਰੀਏ। ਇਹ ਨੇਮ ਗੁਰੂ ਸਾਹਿਬ ਦੇ ਸਮੇਂ ਵਿਚ ਕਿਉਂ ਹੋਂਦ ਵਿਚ ਨਹੀਂ ਆਏ ਅਤੇ ਸਾਨੂੰ ਹੁਣ ਕਿਉਂ ਲੋੜ ਭਾਸ ਰਹੀ ਹੈ?

ਵਿਆਕਰਨ ਦਾ ਮੁੱਢ ਲੋਕ ਭਾਸ਼ਾ ਤੋਂ ਬਣਦਾ ਹੈ। ਪਹਿਲਾਂ ਬੋਲੀ ਹੋਂਦ ਵਿਚ ਆਉਂਦੀ ਹੈ ਅਤੇ ਫਿਰ ਇਸ ਨੂੰ ਨੇਮ-ਬਧ ਕੀਤਾ ਜਾਂਦਾ ਹੈ। ਬੋਲੀ ਅਥਵਾ ਸ਼ਬਦ ਇਕ ਅਜਿਹੀ ਆਕਰਖਣ-ਕਲਾ ਹੈ ਜਿਸ ਰਾਹੀਂ ਮਨੁੱਖ ਆਪਣੇ ਮਨੋ-ਭਾਵਾਂ ਨੂੰ ਦੂਜੇ ਤਾਈਂ ਪਹੁੰਚਾ ਕੇ ਇਕ ਸੁਚੱਜੀ ਜੀਵਨ-ਸਾਂਝ ਪੈਦਾ ਕਰਦਾ ਹੈ। ਬੋਲੀ ਵੱਖ-ਵੱਖ ਪਿੰਡਾਂ, ਸ਼ਹਿਰਾਂ ਅਤੇ ਪਰਗਣਿਆਂ ਵਿਚ ਫਿਰਦੀ-ਫਿਰਾਉਂਦੀ ਕਈ ਪ੍ਰਕਾਰ ਦੇ ਰੂਪ-ਰੰਗਾਂ ਨਾਲ ਵਿਕਸਿਤ ਹੁੰਦੀ ਹੈ। ਸਾਹਿਤਕਾਰ ਜਾਂ ਸ਼ਾਇਰ ਆਮ ਤੌਰ ਤੇ ਕੇਂਦਰੀ ਬੋਲੀ ਦੀ ਵਰਤੋਂ ਕਰਦੇ ਹਨ। ਫਿਰ ਵੀ ਉਨ੍ਹਾਂ ਦੀ ਲੇਖਣੀ ਉਤੇ ਮਾਤ-ਬੋਲੀ ਅਤੇ ਉਪ-ਭਾਸ਼ਾਵਾਂ ਦਾ ਪ੍ਰਭਾਵ ਵਧੇਰੇ ਪਿਆ ਹੋਇਆ ਹੁੰਦਾ ਹੈ। ਸ਼ਬਦ ਮੂੰਹ ਤੋਂ ਬੋਲੇ ਜਾਂਦੇ ਹਨ ਪਰ ਉਨ੍ਹਾਂ ਦੇ ਅਰਥ ਅਤੇ ਪਰਖ-ਕਸਵੱਟੀ ਲਈ, ਕਿ ਕੀ ਉਹ ਸ਼ੁਧ ਹਨ ਜਾਂ ਅਸ਼ੁਧ, ਇਕ ਨਿਯਮਾਵਲੀ ਨਿਸਚਿਤ ਕੀਤੀ ਜਾਂਦੀ ਹੈ ਅਤੇ ਉਸੇ ਨੂੰ ਹੀ **ਵਿਆਕਰਨ** ਦਾ ਨਾਉਂ ਦਿਤਾ ਜਾਂਦਾ ਹੈ।

ਗੁਰਬਾਣੀ ਦੀ ਸ਼ਬਦਾਵਲੀ ਅਜੋਕੇ ਪਾਠਕਾਂ ਨੂੰ ਕਠਨ ਪ੍ਰਤੀਤ ਹੁੰਦੀ ਹੈ। ਇਸ ਦੇ ਕਈ ਕਾਰਨ ਹਨ। ਇਕ ਤਾਂ ਇਸ ਵਿਚ ਭਾਂਤ-ਭਾਂਤ ਦੀਆਂ ਬੋਲੀਆਂ ਅਤੇ ਉਪ-ਬੋਲੀਆਂ ਦਾ ਮਿਸ਼ਰਤ ਭੰਡਾਰ, ਦੂਜੇ ਸ਼ਬਦਾਂ ਦਾ ਸੰਜਮ, ਤੀਜੇ ਕਾਵਿ ਉਡਾਰੀ, ਚੌਥੇ ਛੰਦ ਅਲੰਕਾਰ ਅਤੇ ਪੰਜਵੇਂ ਪੌਰਾਣਿਕ ਹਵਾਲਿਆਂ ਦੀ ਵਰਤੋਂ ਕੀਤੀ ਗਈ ਹੈ। ਜਿਵੇਂ ਸੰਸਕ੍ਰਿਤ, ਅਰਬੀ, ਫ਼ਾਰਸੀ ਆਦਿ ਭਾਸ਼ਾਵਾਂ ਦਾ ਆਪੋ ਆਪਣਾ ਵਿਆਕਰਨ ਹੈ ਉਸੇ ਪ੍ਰਕਾਰ ਪੰਜਾਬੀ ਭਾਸ਼ਾ ਭੀ ਵਿਆਕਰਨਿਕ ਨੇਮਾਂ ਅਧੀਨ ਹੈ। ਜਿਵੇਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਭਿੰਨ ਭਿੰਨ ਰਾਗਾਂ ਦਾ ਆਪਣਾ ਵੱਖਰਾ ਹੀ ਸੰਗ੍ਰਿਹ ਹੈ ਤਿਵੇਂ ਇਸ ਅਦੁਤੀ ਗਰੰਥ ਵਿਚ ਵਿਆਕਰਨਿਕ ਨੇਮਾਂ ਦਾ ਵੀ ਵੱਖਰਾ ਪ੍ਰਬੰਧ ਹੈ। ਹਰੇਕ ਬੋਲੀ ਦੇ ਸ਼ਬਦ-ਭੰਡਾਰ ਵਿਚ ਤਿੰਨ ਪ੍ਰਕਾਰ ਦੇ ਸ਼ਬਦ ਹੁੰਦੇ ਹਨ, ਪਹਿਲੇ **'ਦੇਸੀ'** (ਆਪਣੇ ਮੌਲਿਕ ਸ਼ਬਦ), ਦੂਜੇ **'ਤੱਦਭਵ'** (ਕਿਸੇ ਹੋਰ ਭਾਸ਼ਾ ਤੋਂ ਬਦਲ ਕੇ ਬਣਾਏ ਹੋਏ ਸ਼ਬਦ) ਅਤੇ ਤੀਜੇ **'ਤਤਸਮ'** (ਦੂਜੀ ਭਾਸ਼ਾ ਦੇ ਮੂਲਕ ਸ਼ਬਦ)। ਇਹ ਤਿੰਨ-ਰੰਗੀ ਸ਼ਬਦਾਵਲੀ ਸਾਨੂੰ ਗੁਰਬਾਣੀ ਵਿਚ ਉਪਲਭਧ ਹੈ। ਉਹ ਭਾਸ਼ਾ ਜਿਹੜੀ ਸੌਖੇ ਹੀ ਬੋਲੀ ਜਾਵੇ, ਸਹਿਜੇ ਹੀ ਪੜ੍ਹੀ ਜਾਵੇ ਅਤੇ ਸੌਖ ਨਾਲ ਹੀ ਲਿਖੀ ਜਾ ਸਕੇ ਅਤੇ ਜਿਸ ਵਿਚ ਕੋਈ ਬਣਾਵਟ ਨਾ ਹੋਵੇ, ਉਸ ਲਈ ਵਿਆਕਰਨ ਦੀ ਲੋੜ ਘੱਟ ਭਾਸਦੀ ਹੈ ਪਰ ਜਦੋਂ ਸ਼ਬਦ-ਭੰਡਾਰ ਪੁਰਾਣਾ ਹੋ ਜਾਵੇ ਅਤੇ ਉਸਨੂੰ ਬੋਲਣ ਵਾਲੇ ਵਿਅਕਤੀ ਅਲੋਪ ਹੋ ਜਾਣ ਤਾਂ ਉਹੀ ਭਾਸ਼ਾ ਕੁਝ ਕਠਨ ਪਰਤੀਤ ਹੋਣ ਲਗ ਜਾਂਦੀ ਹੈ। ਇਸੇ ਲਈ ਸਿਆਣਿਆਂ ਨੇ ਵਿਆਕਰਨ ਦਾ ਮੁੱਢ ਬੱਧਾ ਹੈ। ਪੁਰਾਤਨ ਪੰਜਾਬੀ ਸ਼ਬਦਾਵਲੀ, ਜਿਸ ਦੇ ਦਰਸ਼ਨ ਗੁਰਬਾਣੀ ਵਿਚੋਂ ਹੁੰਦੇ ਹਨ, ਵਰਤਮਾਨ ਪੰਜਾਬੀ ਦੇ ਸ਼ਬਦ-ਜੋੜਾਂ ਨਾਲੋਂ

ਵੱਖ ਹੈ ਕਿਉਂਕਿ ਉਹ ਲਗ-ਮਾਤਰੀ ਨੇਮਾਂ ਅਧੀਨ ਲਿਖੀ ਹੋਈ ਹੈ ਜਦੋਂ ਕਿ ਅਜੋਕੀ ਪੰਜਾਬੀ ਉਨ੍ਹਾਂ ਨੇਮਾਂ ਤੋਂ ਲਗਭਗ ਮੁਕਤ ਹੈ। ਕਿਸੇ ਬੋਲੀ ਦਾ ਵੀ ਵਿਆਕਰਨ ਹੋਵੇ ਉਸ ਦਾ ਅਧਾਰ ਆਪਣੀ ਵਰਣਮਾਲਾ ਤੇ ਨਿਰਭਰ ਹੁੰਦਾ ਹੈ। ਉਸੇ ਤਰ੍ਹਾਂ ਗੁਰਬਾਣੀ ਦੀ ਆਪਣੀ ਵਰਣਮਾਲਾ ਹੈ ਜਿਸ ਨੂੰ ਗੁਰਮੁਖੀ ਦੀ ਪੈਂਤੀ-ਅੱਖਰੀ ਦਾ ਨਾਂ ਦਿਤਾ ਜਾਂਦਾ ਹੈ। ਇਹ ਵਰਣਮਾਲਾ ਗੁਰੂ ਨਾਨਕ ਕਾਲ ਵਿਚ ਪਰਚਲਤ ਸੀ। ਗੁਰੂ ਨਾਨਕ ਦੇਵ ਜੀ ਨੇ ਰੱਬੀ-ਸਨੇਹੇ ਨੂੰ ਲਿਖਤੀ ਰੂਪ ਦੇਣ ਲਈ ਗੁਰਮੁਖੀ ਅੱਖਰਾਂ ਨੂੰ ਹੀ ਮਾਧਿਅਮ ਬਣਾਇਆ, ਜਿਸ ਦੀ ਪ੍ਰਤੀਕ ਸਾਡੇ ਸਾਮ੍ਹਣੇ ਆਸਾ ਰਾਗ ਵਿਚ ਲਿਖੀ ਹੋਈ 'ਪੱਟੀ' ਹੈ। ਸੰਸਕ੍ਰਿਤ ਭਾਸ਼ਾ ਤੋਂ ਗੁਰਮੁਖੀ ਲਿਪੀ ਉਤਪੰਨ ਨਹੀਂ ਹੋਈ ਸਗੋਂ ਇਸ ਦਾ ਸੰਬੰਧ ਅਪਭ੍ਰੰਸ਼ਾਂ ਨਾਲ ਹੈ। **ਭਾਈ ਕਾਨ੍ਹ ਸਿੰਘ ਜੀ ਨਾਭਾ** ਨੇ ਇਸ ਨੂੰ **ਸਾਰਦਾ** ਅਤੇ **ਟਾਕਰੀ** ਭਾਸ਼ਾਵਾਂ ਦੀ ਵਰਣਮਾਲਾ ਨਾਲ ਮੇਲਿਆ ਹੈ। ਅੱਜ ਕੱਲ੍ਹ ਦੇ ਲਿਖਾਰੀ ਇਸ ਨੂੰ **ਸ਼ੌਰਸੈਨੀ** ਅਤੇ **ਵੈਦਿਕ ਭਾਸ਼ਾ** ਤੋਂ ਉਤਪੰਨ ਹੋਈ ਦੱਸਦੇ ਹਨ। ਕੁਝ ਵੀ ਹੋਵੇ ਇਹ ਗੱਲ ਸਪੱਸ਼ਟ ਹੈ ਕਿ ਗੁਰਬਾਣੀ ਦਾ ਸੰਸਕ੍ਰਿਤ ਨਾਲੋਂ ਪ੍ਰਾਕ੍ਰਿਤ ਨਾਲ ਵਧੇਰੇ ਸੰਬੰਧ ਹੈ। ਹਾਂ, ਗੁਰਮੁਖੀ ਅੱਖਰਾਂ ਨੂੰ ਸੁਹਜ ਕਲਾ ਨਾਲ ਦੂਜੀ ਪਾਤਸ਼ਾਹੀ ਨੇ ਸ਼ਿੰਗਾਰਿਆ।

ਗੁਰਬਾਣੀ ਦਾ ਇਹ ਲਗ-ਮਾਤਰੀ ਢੰਗ ਦਸਮ ਪਾਤਸ਼ਾਹ ਜੀ ਤੱਕ ਚਲਦਾ ਰਿਹਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਆਦਿ ਸ੍ਰੀ ਗੁਰੂ ਗਰੰਥ ਸਾਹਿਬ' ਦੇ ਰੂਪ ਵਿਚ ਸਮੁੱਚੀ ਗੁਰਬਾਣੀ ਨੂੰ ਸੰਪਾਦਨ ਕਰਵਾਇਆ, ਜਿਸ ਦੇ ਸ਼੍ਰੋਮਣੀ ਲਿਖਾਰੀ ਭਾ: ਗੁਰਦਾਸ ਜੀ ਸਨ, ਕਿਉਂਕਿ ਆਪ ਜੀ ਸੰਸਕ੍ਰਿਤ, ਫਾਰਸੀ, ਅਰਬੀ ਆਦਿ ਭਾਸ਼ਾਵਾਂ ਦੇ ਮਹਾਨ ਵਿਗਿਆਤਾ ਸਨ। ਫਿਰ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪ੍ਰਵਾਨਗੀ ਨਾਲ ਹੀ ਆਪ ਜੀ ਨੇ ਪ੍ਰਾਪਤ ਹੋਈ ਬਾਣੀ ਨੂੰ ਲਗਾਂ-ਮਾਤਰਾਂ ਦੀ ਸੋਧ ਸਹਿਤ ਲਿਖਿਆ।

ਸਮੇਂ ਦੇ ਫੇਰ ਨਾਲ ਜਿਨ੍ਹਾਂ ਲੋਕਾਂ ਨੂੰ ਲਗਾਂ ਮਾਤਰਾਂ ਦੀ ਬਦਲੀ ਨਾਲ ਇਕੋ ਪ੍ਰਕਾਰ ਦੇ ਸ਼ਬਦਾਂ ਦੇ ਅਰਥਾਂ ਵਿਚ ਅੰਤਰ ਆ ਜਾਣ ਬਾਰੇ ਕੋਈ ਬੋਧ ਨਹੀਂ ਸੀ ਉਨ੍ਹਾਂ ਨੇ ਲਗਾਂ ਮਾਤਰਾਂ ਨੂੰ ਵਾਧੂ ਸਮਝਣ ਦਾ ਟਪਲਾ ਖਾਧਾ ਅਤੇ ਵਿਆਖਿਆ ਸਮੇਂ ਅਜਿਹਾ ਹੀ ਪ੍ਰਚਾਰ ਕਰਦੇ ਰਹੇ। ਕਈ ਵਿਦਵਾਨ ਗੁਰਬਾਣੀ ਦੀਆਂ ਪੰਕਤੀਆਂ ਦੇ ਇਕ ਤੋਂ ਵੱਧ ਅਰਥ ਕਰਨ ਵਿਚ ਆਪਣੀ ਵਡਿਆਈ ਸਮਝਦੇ ਰਹੇ ਪਰ ਇਉਂ ਜਾਪਦਾ ਹੈ ਕਿ ਅਜਿਹੇ ਸੱਜਣਾਂ ਨੇ ਗੁਰਬਾਣੀ ਵਿਆਕਰਨ ਨੂੰ ਸਮਝਣ ਦਾ ਯਤਨ ਨਹੀਂ ਕੀਤਾ। ਹੁਣ ਵੀ ਕਈ ਸਾਧਾਂ, ਸੰਤਾਂ ਦੇ ਡੇਰਿਆਂ ਤੇ ਕਥਾ-ਵਾਚਕਾਂ ਦਾ ਇਹੋ ਜਿਹਾ ਹੀ ਹਾਲ ਹੈ। ਉਹ ਸ਼ਬਦਾਂ ਦੀ ਉਥਾਨਕਾ ਬਾਰੇ ਅਜਿਹੀਆਂ ਮਨੋ-ਕਲਪਤ ਸਾਖੀਆਂ ਘੜਦੇ ਹਨ ਜਿਨ੍ਹਾਂ ਦਾ ਗੁਰਮਤਿ ਨਾਲ ਕੋਈ ਸੰਬੰਧ ਨਹੀਂ ਹੁੰਦਾ। ਅਜਿਹੀ ਹਾਸੋ-ਹੀਣੀ ਦਸ਼ਾ ਨੂੰ ਵੇਖ ਕੇ ਸਿੱਖ ਧਰਮ ਦੇ ਕੁਝ ਸੂਝਵਾਨ ਵਿਦਵਾਨਾਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠ, ਸਹਿਜ ਅਤੇ ਪ੍ਰੇਮ ਸਹਿਤ, ਖੋਜ ਦੀ ਅਭਿਲਾਖਾ ਨਾਲ, ਕਰਨ ਮਗਰੋਂ ਗੁਰਬਾਣੀ ਵਿਚ ਵਰਤੀਆਂ ਗਈਆਂ ਲਗਾਂ ਮਾਤਰਾਂ ਦੇ ਗੁਝੇ ਭੇਦਾਂ ਨੂੰ ਲੱਭਣ ਦਾ ਯਤਨ ਕੀਤਾ।

ਸਭ ਤੋਂ ਪਹਿਲਾਂ ਗੁਰਪਰਵਾਸੀ **ਪ੍ਰਿੰ: ਤੇਜਾ ਸਿੰਘ ਜੀ** ਨੇ ਲਗਾਂ ਮਾਤਰਾਂ ਦੀ ਵਿਆਖਿਆ ਨੂੰ ਸਾਕਾਰ ਰੂਪ ਦਿਤਾ ਅਤੇ ਇਸ ਸੰਬੰਧ ਵਿਚ **ਸ਼ਬਦਾਂਤਕ ਲਗਾਂ ਮਾਤਰਾਂ ਦੇ ਗੁੱਝੇ ਭੇਦ** ਨਾਮੀ ਇਕ ਛੋਟੀ ਜਿਹੀ ਪੁਸਤਕ ਸੰਨ ੧੯੨੨-੨੩ ਵਿਚ ਛਪਵਾਈ। ਫਿਰ **ਪ੍ਰੋ: ਸਾਹਿਬ ਸਿੰਘ ਜੀ** ਨੇ ਅਕਤੂਬਰ ੧੯੩੨ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦਾ **ਵਿਆਕਰਨ** ਲਿਖਿਆ ਜੋ ਕਿ ੧੯੩੯ ਵਿਚ ਪ੍ਰਕਾਸ਼ਤ ਹੋਇਆ। ਇਸ ਤੋਂ ਉਪਰੰਤ '**ਸ੍ਰੀ ਗੁਰੁ ਵਿਆਕਰਨ ਪੰਚਾਇਣ**' ਨਾਮੀ ਪੁਸਤਕ **ਪੰਡਤ ਕਰਤਾਰ ਸਿੰਘ ਦਾਖਾ** ਨੇ ਸੰਨ ੧੯੪੪-੪੫ ਵਿਚ ਲਿਖਕੇ ਪ੍ਰਕਾਸ਼ਤ ਕਰਵਾਈ ਅਤੇ ਸਭ ਤੋਂ ਮਗਰੋਂ **ਭਾ: ਸਾਹਿਬ ਰਣਧੀਰ ਸਿੰਘ ਜੀ** ਨੇ "**ਗੁਰਬਾਣੀ ਲਗਾਂ ਮਾਤਰਾਂ ਦੀ ਵਿਲੱਖਣਤਾ**" ਨਾਮੀ ਪੁਸਤਕ ਨਵੰਬਰ ੧੯੫੪ ਵਿਚ ਪ੍ਰਕਾਸ਼ਤ ਕਰਵਾਈ।

ਮਨੁੱਖੀ ਮਨ ਵਿਚ ਬੁੱਧੀ ਦਾ ਹੋਣਾ ਉਤਨਾ ਹੀ ਜ਼ਰੂਰੀ ਹੈ ਜਿਤਨਾ ਕਿ ਸਰੀਰ ਵਿਚ ਪ੍ਰਾਣਾਂ ਦਾ। ਜੇ ਬੁੱਧੀ ਨਾ ਹੋਵੇ ਤਾਂ ਗੁਰੂ ਜੀ ਦੀ ਸਿਖਿਆ ਨੂੰ ਕਿਵੇਂ ਗ੍ਰਹਿਣ ਕੀਤਾ ਜਾ ਸਕਦਾ ਹੈ। ਗੁਰੂ ਜੀ ਨੇ ਮਨੁੱਖ ਨੂੰ ਇਸ ਬਾਰੇ ਇਉਂ ਸੇਧ ਦਿੱਤੀ ਹੈ :

ਅਕਲੀ ਸਾਹਿਬੁ ਸੇਵੀਐ, ਅਕਲੀ ਪਾਈਐ ਮਾਨੁ॥
ਅਕਲੀ ਪੜ੍ਹਿ ਕੈ ਬੁਝੀਐ, ਅਕਲੀ ਕੀਚੈ ਦਾਨੁ॥
ਨਾਨਕੁ ਆਖੈ ਰਾਹੁ ਏਹੁ, ਹੋਰਿ ਗਲਾਂ ਸੈਤਾਨੁ॥ *(ਪੰਨਾ ੧੨੪੫)*

ਅਕਲ ਤੋਂ ਬਿਨਾਂ ਜਿਹੜੀ ਕਿਰਿਆ ਕਰਨੀ ਹੈ, ਉਹ 'ਸ਼ੈਤਾਨੀ ਕਿਰਿਆ' ਦਾ ਰੂਪ ਅਖਵਾਉਂਦੀ ਹੈ।

ਆਮ ਜਨਤਾ ਵਿਆਕਰਨ ਨੂੰ ਇਕ ਰੁੱਖਾ ਜਿਹਾ ਵਿਸ਼ਾ ਸਮਝਦੀ ਹੈ। ਜੇਕਰ ਗੁਰਬਾਣੀ ਵਿਆਕਰਨ ਸਿੱਖ-ਧਰਮ ਦੇ ਪਹਿਲੇ ਆਗੂਆਂ ਨੇ ਖਾਲਸਾ ਕਾਲਜਾਂ, ਸਕੂਲਾਂ ਅਤੇ ਹੋਰ ਧਾਰਮਿਕ ਅਦਾਰਿਆਂ ਵਿਚ ਸਿਲੇਬਸ ਦੇ ਤੌਰ ਤੇ ਨੀਯਤ ਕੀਤਾ ਹੋਇਆ ਹੁੰਦਾ ਤਾਂ ਅੱਜ ਇਸ ਬਾਰੇ ਐਨੀਆਂ ਉਲਝਣਾਂ ਨਾ ਖੜੀਆਂ ਹੁੰਦੀਆਂ ਅਤੇ ਨਾ ਹੀ ਗੁਰਬਾਣੀ ਦੇ ਅਰਥਾਂ ਬਾਰੇ ਕਿੰਤੂ ਕਰਨ ਦਾ ਕਿਸੇ ਨੂੰ ਸਮਾਂ ਮਿਲਦਾ। ਇਕ ਸੱਜਣ ਨੇ 'ਗੁਰੂ-ਨਿਰਣਯ' ਨਾਮੀ ਇਕ ਪੁਸਤਕ ਲਿਖੀ ਹੈ ਜਿਸ ਵਿਚ ਉਸ ਨੇ 'ਦੇਹਧਾਰੀ ਗੁਰੂ' ਦੀ ਲੋੜ ਨੂੰ ਸਿੱਧ ਕਰਨ ਹਿਤ ਗੁਰਬਾਣੀ ਵਿਚੋਂ ਹੀ ਸਾਰੇ ਪ੍ਰਮਾਣ ਦੇ ਕੇ ਉਨ੍ਹਾਂ ਦੇ ਅਰਥਾਂ ਨੂੰ ਅਯੋਗ ਢੰਗ ਨਾਲ ਵਿਆਖਿਆ ਹੈ। ਜੇ ਸਾਨੂੰ ਗੁਰਬਾਣੀ ਵਿਆਕਰਨ ਬਾਰੇ ਸੋਝੀ ਹੁੰਦੀ ਤਾਂ ਉਹ ਅਜਿਹਾ ਕੁਕਰਮ ਕਰਨ ਦਾ ਹੌਂਸਲਾ ਨਾ ਕਰ ਸਕਦਾ।

ਵਿਆਕਰਨ ਵਿਚ ਸਭ ਤੋਂ ਪਹਿਲਾਂ ਉਚਾਰਨ, ਪਦ-ਵੰਡ, ਅਰਧ-ਬਿਸਰਾਮ, ਪੂਰਨ ਬਿਸਰਾਮ ਸਮਝਣ ਤੇ ਜ਼ੋਰ ਦਿਤਾ ਜਾਂਦਾ ਹੈ। ਗੁਰਬਾਣੀ ਵਿਆਕਰਨ ਬਾਰੇ ਇਹ ਲਿਖਣਾ ਜ਼ਰੂਰੀ ਹੈ ਕਿ ਇਹ ਕੋਈ ਹਊਆ ਨਹੀਂ, ਜਿਵੇਂ ਕਿ ਆਮ ਪਾਠਕ ਸਮਝੀ ਬੈਠੇ ਹਨ। ਜਿਵੇਂ ਗੁਰਬਾਣੀ ਦੀ ਸ਼ਬਦਾਵਲੀ ਰਸਦਾਇਕ ਹੈ, ਤਿਵੇਂ ਹੀ ਇਨ੍ਹਾਂ ਅੱਖਰਾਂ ਨਾਲ ਲੱਗੀਆਂ ਹੋਈਆਂ ਲਗਾਂ-ਮਾਤਰਾਂ

ਵੀ ਕੋਈ ਘੱਟ ਰਸਦਾਇਕ ਨਹੀਂ, ਕੇਵਲ ਇਨ੍ਹਾਂ ਨੂੰ ਥੋੜੇ ਜਿਹੇ ਉਦਮ ਨਾਲ ਸਮਝਣ ਦੀ ਲੋੜ ਹੈ। ਜਿਵੇਂ ਇਕ ਵੈਦ ਬਹੁਤ ਸਾਰੇ ਰੋਗੀਆਂ ਦਾ ਇਲਾਜ ਕਰ ਕੇ ਨਬਜ਼ ਭੇਤੀ ਹੋ ਜਾਂਦਾ ਹੈ ਅਤੇ ਫਿਰ ਉਹ ਸਹਜੇ ਹੀ ਰੋਗ ਨੂੰ ਸਮਝ ਲੈਂਦਾ ਹੈ, ਤਿਵੇਂ ਹੀ ਜਿਹੜਾ ਸਿੱਖ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਸਹਜ ਪਾਠ ਵਿਚ ਲਗਾਤਾਰ ਵਿਚਾਰ ਸਹਿਤ ਜੁੜਿਆ ਰਹਿੰਦਾ ਹੈ ਉਹ ਇਸ ਦੀ ਅਮੋਲਕ ਸ਼ਬਦਾਵਲੀ ਦੇ ਦਰਸ਼ਨ ਕਰ ਕੇ ਇਨ੍ਹਾਂ ਦੇ ਵੱਖ ਵੱਖ ਰੂਪਾਂ ਦਾ ਮਹਿਰਮ ਹੋ ਜਾਂਦਾ ਹੈ। ਜਿਵੇਂ ਗਣਿਤ ਵਿਦਿਆ ਦੇ ਕਿਸੇ ਫਾਰਮੂਲੇ ਨੂੰ ਕੰਠ ਕਰ ਲੈਣਾ ਹੀ ਕਾਫੀ ਨਹੀਂ ਹੁੰਦਾ, ਜਦੋਂ ਤਕ ਕਿ ਉਸ ਦਾ ਅਮਲੀ ਰੂਪ ਵਿਚ ਅਭਿਆਸ ਨਾ ਕੀਤਾ ਜਾਏ। ਇਸੇ ਪ੍ਰਕਾਰ ਜਦੋਂ ਤਕ ਇਹ ਲਗਮਾਤਰੀ ਨੇਮ ਕੇਵਲ ਜੀਭ ਤੇ ਹੀ ਹੋਣਗੇ ਇਨ੍ਹਾਂ ਦੀ ਵਰਤੋਂ ਵਿਚ ਸਫਲਤਾ ਨਹੀਂ ਹੋਵੇਗੀ, ਇਨ੍ਹਾਂ ਬਾਰੇ ਪੂਰਨ ਸਫਲਤਾ ਓਦੋਂ ਹੀ ਹੋ ਸਕੇਗੀ, ਜਦੋਂ ਅਸੀਂ ਗੁਰਬਾਣੀ ਦਾ ਪਾਠ ਸਮਝ ਕੇ ਕਰਾਂਗੇ ਅਤੇ ਇਹ ਨੇਮ ਉਸ ਸਮੇਂ ਸਾਥੀ ਰੂਪ ਹੋ ਕੇ ਸਾਡੀ ਅਗਵਾਈ ਕਰਨਗੇ। ਗੁਰਬਾਣੀ ਵਿਆਕਰਨ ਦੇ ਕੁਝ ਕੁ ਸਰਲ ਨੇਮ ਹੇਠ ਦਿਤੇ ਹਨ :

ਵਿਆਕਰਨਿਕ ਨੇਮਾਂ ਅਨੁਸਾਰ ਸ਼ਬਦਾਂ ਦੀ ਵੰਡ ਹੇਠ ਲਿਖੇ ਅੱਠ ਰੂਪਾਂ ਵਿਚ ਕੀਤੀ ਗਈ ਹੈ :

1. ਨਾਂਵ (Noun)
2. ਪੜਨਾਂਵ (Pronoun)
3. ਕ੍ਰਿਆ (Verb)
4. ਵਿਸ਼ੇਸ਼ਣ (Adjective)
5. ਕ੍ਰਿਆ ਵਿਸ਼ੇਸ਼ਣ (Adverb)
6. ਸੰਬੰਧਕ (Preposition)
7. ਯੋਜਕ (Conjunction)
8. ਵਿਸਮਿਕ (Interjection)

ਹੇਠਾਂ ਉਪਰੋਕਤ ਰੂਪਾਂ ਦੀ ਸਧਾਰਨ ਜਾਣਕਾਰੀ ਦਿਤੀ ਜਾ ਰਹੀ ਹੈ ਤਾਂ ਕਿ ਨੇਮਾਂ ਵਿਚਲੇ ਆਏ ਇਹਨਾਂ ਸ਼ਬਦਾਂ ਬਾਰੇ ਸਪੱਸ਼ਟਤਾ ਮਿਲ ਸਕੇ।

1. **ਨਾਂਵ** (ਨਾਉਂ)—ਜਿਨ੍ਹਾਂ ਸ਼ਬਦਾਂ 'ਰਾਹੀਂ' ਕਿਸੇ ਥਾਂ, ਵਸਤੂ ਜੀਵ ਆਦਿ ਬਾਰੇ ਗਿਆਨ ਹੋਵੇ ਉਸ ਨੂੰ ਨਾਉਂ ਕਹਿੰਦੇ ਹਨ। ਜਿਵੇਂ—ਮੋਹਨ, ਲਕੜੀ, ਭੇਡ, ਉਨ, ਲੋਹਾ ਆਦਿ। ਇਹ ਪੰਜ ਕਿਸਮ ਦੇ ਹੁੰਦੇ ਹਨ।

    (ੳ) ਵਿਸ਼ੇਸ਼ ਨਾਉਂ—ਗੁਰੂ ਰਾਮਦਾਸ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ।

    (ਅ) ਆਮ ਨਾਉਂ—ਘੋੜਾ, ਕੁਤਾ।

    (ੲ) ਇਕੱਠ ਵਾਚਕ ਨਾਉਂ—ਸਿੰਘ ਸਭਾ, ਜਮਾਤ।

    (ਸ) ਵਸਤ ਵਾਚਕ ਨਾਉਂ—ਜਲ, ਲਕੜੀ, ਲੋਹਾ।

    (ਹ) ਭਾਵ ਵਾਚਕ ਨਾਉਂ—ਸੇਵਾ, ਪ੍ਰੇਮ, ਸਰਦੀ, ਗਰਮੀ।

2. **ਪੜਨਾਂਵ** (ਪੜਨਾਉਂ)—ਜਿਹੜੇ ਸ਼ਬਦ ਨਾਉਂ ਦੀ ਥਾਂ ਵਰਤੇ ਜਾਣ, ਉਨ੍ਹਾਂ ਨੂੰ ਪੜਨਾਉਂ ਕਹਿੰਦੇ ਹਨ। ਜਿਵੇਂ—ਮੈਂ, ਉਹ, ਤੁਸੀਂ ਆਦਿ। ਪੜਨਾਂਵ ਛੇ ਕਿਸਮ ਦੇ ਹੁੰਦੇ ਹਨ।

    (ੳ) ਪੁਰਖਵਾਚੀ ਪੜਨਾਉਂ—ਮੈਂ, ਅਸੀਂ, ਹਮ, ਹਮਰਾ, ਹਮਰੋ, ਮੇਰਾ, ਤੇਰਾ, ਸਾਡਾ, ਅਸਾਡਾ, ਤੁਸੀਂ, ਤੈਨੂੰ, ਤੂੰ, ਤਉ, ਤੈਂਡਾ ਆਦਿ।

(ਅ) **ਸੰਬੰਧਵਾਚੀ ਪੜਨਾਉਂ**—ਜੋ, ਜਿਹੜਾ, ਜਿਨ, ਜਿਹ, ਜਿਤ, ਜਾਸ, ਜਉ, ਤਿਨ, ਤਿਤ, ਤਿਸ, ਤਿਨਾੜਾ, ਜਿਸ ਆਦਿ।

(ੲ) **ਪ੍ਰਸ਼ਨਵਾਚੀ ਪੜਨਾਉਂ**—ਕੌਣ, ਕਿਹੜਾ, ਕਿਸ, ਕੋ, ਕਵਨ, ਕਾਹੇ, ਕੈ ਆਦਿ।

(ਸ) **ਨਿਜਵਾਚੀ ਪੜਨਾਉਂ**—ਆਪ, ਆਪੀਨੈ, ਆਪੌ, ਅਪਣਾ ਆਦਿ।

(ਹ) **ਨਿਸਚੇਵਾਚੀ ਪੜਨਾਉਂ**—ਇਹ, ਉਹ, ਇਥੇ, ਉਥੇ, ਔਹ, ਇਸ, ਇਤ, ਇਕਤ, ਉਨ, ਇਨ, ਓਇ, ਤਾਹੂ ਆਦਿ।

(ਕ) **ਅਨਿਸਚੇਵਾਚੀ ਪੜਨਾਉਂ**—ਕਈ, ਵਿਰਲੇ, ਬਹੁਤ ਆਦਿ।

ਪੜਨਾਉਂ ਦੇ ਤਿੰਨ ਪੁਰਖ (Person) ਹੁੰਦੇ ਹਨ।

(i) ਉਤਮ ਪੁਰਖ (First Person)—ਜੋ ਗੱਲਾਂ ਕਰ ਰਿਹਾ ਹੋਵੇ, ਜਿਵੇਂ ਮੈਂ, ਅਸੀਂ।

(ii) ਮਧਮ ਪੁਰਖ (Second Person)—ਜਿਸ ਨਾਲ ਗੱਲਾਂ ਕੀਤੀਆਂ ਜਾਣ, ਜਿਵੇਂ ਤੂੰ, ਤੁਸੀਂ।

(iii) ਅਨੱਯ ਪੁਰਖ (Third Person)—ਜਿਸ ਬਾਰੇ ਗੱਲ ਕੀਤੀ ਜਾਏ। ਜਿਵੇਂ—ਉਹ, ਉਨ੍ਹਾਂ, ਸੋਈ।

3. **ਵਿਸ਼ੇਸ਼ਣ**—ਜਿਹੜੇ ਸ਼ਬਦ ਨਾਉਂ ਜਾਂ ਪੜਨਾਉਂ ਨਾਲ ਲੱਗ ਕੇ ਉਸਦੀ ਵਿਸ਼ੇਸ਼ਤਾ ਪਰਗਟ ਕਰਨ, ਉਹਨਾਂ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ। ਜਿਵੇਂ—ਚੰਗਾ, ਭੈੜਾ, ਕਾਲਾ, ਮੋਟਾ, ਪਤਲਾ ਆਦਿ। ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ :—

(ੳ) **ਗੁਣਵਾਚਕ ਵਿਸ਼ੇਸ਼ਣ**—ਜੋ ਗੁਣ ਜਾਂ ਅਉਗਣ ਦੱਸਣ, ਜਿਵੇਂ—ਕਾਲਾ, ਚਿੱਟਾ, ਸੁਸਤ, ਚਲਾਕ ਆਦਿ।

(ਅ) **ਸੰਖਿਆਵਾਚਕ ਵਿਸ਼ੇਸ਼ਣ**—ਜੋ ਗਿਣਤੀ ਜਾਂ ਦਰਜਾ ਦੱਸਣ, ਜਿਵੇਂ—ਪੰਜ, ਸੱਤ, ਦੁਗਣਾ, ਚੌਗੁਣਾ ਆਦਿ।

(ੲ) **ਪ੍ਰਮਾਣਵਾਚਕ ਵਿਸ਼ੇਸ਼ਣ**—ਜੋ ਮਿਣਤੀ ਜਾਂ ਅੰਦਾਜ਼ਾ ਦੱਸਣ, ਜਿਵੇਂ—ਥੋੜ੍ਹਾ ਕੁ, ਕਿੰਨਾ ਕੁ, ਇਤਨਾ ਕੁ ਆਦਿ।

(ਸ) **ਨਿਸਚੇਵਾਚਕ ਵਿਸ਼ੇਸ਼ਣ**—ਜੋ ਕਿਸੇ ਚੀਜ਼ ਵੱਲ ਸੰਕੇਤ ਕਰਕੇ ਉਸ ਨੂੰ ਵਿਸ਼ੇਸ਼ ਬਣਾਉਣ ਵਿਚ ਸਹਾਇਤਾ ਕਰਨ, ਜਿਵੇਂ—ਇਹ, ਔਹ, ਅਹਿ, ਉਹ ਆਦਿ।

(ਹ) **ਪੜਨਾਵੀ ਵਿਸ਼ੇਸ਼ਣ**—ਜੋ ਸ਼ਬਦ ਪੜਨਾਉਂ ਹੁੰਦਿਆਂ ਹੋਇਆਂ ਨਾਉਂ ਨਾਲ ਲੱਗ ਕੇ ਵਿਸ਼ੇਸ਼ਣ ਦਾ ਕੰਮ ਦੇਣ, ਜਿਵੇਂ **ਮੇਰੀ** ਪੋਥੀ, **ਉਹ** ਆਦਮੀ, **ਜਿਹੜੇ** ਮਨੁਖ, **ਤੇਰੀ** ਕਲਮ, ਵਿਚ ਮੇਰੀ, ਉਹ, ਜਿਹੜੇ, ਤੇਰੀ ਆਦਿ ਪੜਨਾਂਵੀ ਵਿਸ਼ੇਸ਼ਣ ਹਨ।

4. **ਕ੍ਰਿਆ**—ਜਿਨ੍ਹਾਂ ਸ਼ਬਦਾਂ ਰਾਹੀਂ ਕਿਸੇ ਕੰਮ ਦਾ ਹੋਣਾ ਪ੍ਰਗਟ ਹੋਵੇ ਜਿਵੇਂ-

ਚੱਲਣਾ, ਹੱਸਣਾ, ਰੋਣਾ, ਖਾਣਾ, ਪੀਣਾ ਆਦਿ।

ਕ੍ਰਿਆ ਦੇ ਤਿੰਨ ਕਾਲ ਹੁੰਦੇ ਹਨ।

(ੳ) ਵਰਤਮਾਨ ਕਾਲ (Present Tense) ਉਹ ਕੀਰਤਨ ਕਰਦਾ ਹੈ।

(ਅ) ਭੂਤ ਕਾਲ (Past Tense) ਉਹ ਕੀਰਤਨ ਕਰਦਾ ਸੀ।

(ੲ) ਭਵਿਖੱਤ ਕਾਲ (Future Tense) ਉਹ ਕੀਰਤਨ ਕਰੇਗਾ।

5. **ਕ੍ਰਿਆ ਵਿਸ਼ੇਸ਼ਣ**—ਜੋ ਸ਼ਬਦ ਕ੍ਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰਨ [ਗੁਣ, ਪ੍ਰਕਾਰ, ਸਮਾਂ ਜਾਂ ਪ੍ਰਮਾਣ (ਮਿਣਤੀ)] ਜਿਵੇਂ **ਵਾਹ ਵਾਹ** ਗਾਉਂਦਾ ਹੈ। **ਇਥੇ** ਬੈਠਾ ਹੈ। **ਸਵੇਰੇ** ਜਾਗਦਾ ਹੈ। **ਥੋੜਾ** ਖਾਂਦਾ ਹੈ। **ਮੂਲਹੁ** ਭੁਲਿਆ ਹੋਇਆ ਹੈ, ਵਿਚ ਵਾਹ, ਵਾਹ, ਇਥੇ, ਸਵੇਰੇ, ਥੋੜਾ, ਮੂਲਹੁ ਆਦਿ ਕ੍ਰਿਆ ਵਿਸ਼ੇਸ਼ਣ ਸ਼ਬਦ ਹਨ।
6. **ਸੰਬੰਧਕ (Preposition)**—ਜਿਹੜੇ ਸ਼ਬਦ ਨਾਉਂ ਜਾਂ ਪੜਨਾਉਂ ਦਾ ਸੰਬੰਧ ਕ੍ਰਿਆ ਜਾਂ ਕਿਸੇ ਹੋਰ ਸ਼ਬਦ ਨਾਲ ਪ੍ਰਗਟ ਕਰਨ, ਜਿਵੇਂ :— ਦਾ, ਦੇ, ਦੀ, ਕਾ, ਕੇ, ਕੀ, ਨੂੰ, ਨੇ, ਨਾਲ, ਪਾਸ, ਤੋਂ, ਬਾਹਰ, ਅੰਦਰ, ਨੇੜੇ, ਦੂਰ, ਉਤੇ, ਹੇਠਾਂ ਆਦਿ।
7. **ਯੋਜਕ**—ਜਿਹੜੇ ਸ਼ਬਦ ਦੋ ਸੁਤੰਤਰ ਵਾਕਾਂ ਨੂੰ ਜੋੜਦੇ ਹੋਣ ਜਿਵੇਂ :— ਤੇ, ਅਤੇ, ਅਰ, ਜਉ, ਜੇਕਰ, ਨਤਰ, ਤਾਂ, ਕਿ, ਪਰ ਆਦਿ।
8. **ਵਿਸਮਿਕ**—ਜਿਹੜੇ ਸ਼ਬਦ ਅਸਚਰਜਤਾ, ਹਰਖ, ਸੋਗ, ਇੱਛਾ ਆਦਿ ਦਾ ਪ੍ਰਗਟਾਵਾ ਕਰਨ, ਜਿਵੇਂ ਕਿ : ਵਾਹ ਵਾਹ, ਹਲੇ ਯਾਰਾ, ਐ ਜੀ, ਰੇ, ਹਾ ਹਾ, ਹਾਇ ਹਾਇ ਆਦਿ।
9. **ਕਾਰਕ**—ਕ੍ਰਿਆ ਨਾਲ, ਨਾਉਂ ਜਾਂ ਪੜਨਾਉਂ ਦਾ ਸੰਬੰਧ ਦੱਸਣ ਵਾਲੇ ਸ਼ਬਦਾਂ ਨੂੰ ਕਾਰਕ ਆਖਿਆ ਜਾਂਦਾ ਹੈ। ਇਹ ਅੱਠ ਪ੍ਰਕਾਰ ਦੇ ਹੁੰਦੇ ਹਨ। ਜਿਵੇਂ ਕਿ :

(ੳ) ਕਰਤਾ ਕਾਰਕ (ਕਾਰਜ ਕਰਨ ਵਾਲਾ) ਨੇ, ਜਿਵੇਂ—ਗੁਰਮੁਖ ਸਿੰਘ ਨੇ ਪਾਠ ਕੀਤਾ।

(ਅ) ਕਰਮ ਕਾਰਕ, ਨੂੰ, ਜਿਵੇਂ—ਸਿੱਖਾਂ ਨੂੰ ਪ੍ਰਸ਼ਾਦ ਛਕਾਇਆ।

(ੲ) ਕਰਨ ਕਾਰਕ (ਜਿਸ ਦੀ ਸਹਾਇਤਾ ਨਾਲ ਕੰਮ ਹੋਵੇ) ਨਾਲ, ਜਿਵੇਂ—ਕਲਮ ਨਾਲ ਲਿਖਿਆ।

(ਸ) ਸੰਪ੍ਰਦਾਨ ਕਾਰਕ (ਜਿਸ ਵਾਸਤੇ ਕੋਈ ਕਾਰਜ ਹੋਵੇ) ਲਈ, ਜਿਵੇਂ—ਸਤਿਗੁਰੂ ਲਈ ਘੋੜਾ ਲਿਆਂਦਾ ਗਿਆ।

(ਹ) ਅਪਾਦਾਨ ਕਾਰਕ (ਇਕ ਚੀਜ਼ ਤੋਂ ਦੂਜੀ ਚੀਜ਼ ਦਾ ਵੱਖ ਹੋਣਾ) ਤੋਂ, ਜਿਵੇਂ—ਗਰੰਥੀ ਤੋਂ ਪੋਥੀ ਲੈ ਲਉ।

(ਕ) ਸੰਬੰਧ ਕਾਰਕ (ਦੋ ਵਸਤਾਂ ਦੀ ਪ੍ਰਸਪਰ ਸਾਂਝ ਨੂੰ ਦਰਸਾਉਣਾ) ਦਾ,ਦੇ, ਜਿਵੇਂ—ਬਾਬਾ ਕਾਲੂ ਦਾ ਪੁਤਰ ਜਗਤ ਦੇ ਉਧਾਰ ਹਿਤ ਆਇਆ।

(ਖ) **ਅਧਿਕਰਨ ਕਾਰਕ** (ਦੂਜੇ ਤੇ ਨਿਰਭਰ (ਆਸ੍ਰਿਤ) ਵਸਤਾਂ ਨੂੰ ਦਰਸਾਉਣਾ) ਅੰਦਰ, ਜਿਵੇਂ—ਗੁਰਦੁਆਰੇ **ਅੰਦਰ** ਕੀਰਤਨ ਹੁੰਦਾ ਹੈ।

(ਗ) **ਸੰਬੋਧਨ ਕਾਰਕ** (ਦੂਜੇ ਨੂੰ ਸੰਬੋਧਨ ਕਰਨਾ, ਅਥਵਾ ਅਵਾਜ਼ ਮਾਰਨਾ) ਏ, ਜਿਵੇਂ—ਏ ਮਨ ਪਿਆਰਿਆ.......।

ਮੁਕਤਾ

1. (ੳ) ਜਿਨ੍ਹਾਂ ਨਾਵਾਂ ਦੇ ਅੰਤ ਵਿਚ ਔਂਕੜ ਹੋਵੇ ਉਹ ਆਮ ਕਰਕੇ ਇਕ ਵਚਨ (Singular) ਹੁੰਦੇ ਹਨ। ਉਨ੍ਹਾਂ ਦਾ ਬਹੁ ਵਚਨ (Plural) ਬਣਾਉਣ ਲਈ ਅੰਤਲੇ ਅੱਖਰ ਨਾਲੋਂ 'ਔਂਕੜ' ਲਾਹ ਕੇ 'ਮੁਕਤਾ' ਕੀਤਾ ਜਾਂਦਾ ਹੈ ਜਿਵੇਂ :—

ਨੇਹੁ—ਇਕ ਵਚਨ ਤਿਨ੍ਹ **ਨੇਹੁ** ਲਗਾ ਰਬ ਸੇਤੀ, ਦੇਖਨੇ ਵੀਚਾਰ॥ (੪੭੩)

ਨੇਹ—ਬਹੁਵਚਨ ਨਾਨਕ ਉਠੀ ਚਲਿਆ, ਸਭਿ ਕੂੜੇ ਤੁਟੇ **ਨੇਹ**॥ (੧੬)

ਨਰਕੁ—ਇਕ ਵਚਨ ਭਗਤ ਕੀ ਨਿੰਦਾ **ਨਰਕੁ** ਭੁੰਚਾਵੈ॥ (੧੧੪੫)

ਨਰਕ—ਬਹੁਵਚਨ ਸਾਧ ਕੈ ਸੰਗਿ **ਨਰਕ** ਪਰਹਰੈ॥ (੨੭੨)

ਵਾਰੁ—ਇਕ ਵਚਨ ਥਿਤਿ **ਵਾਰੁ** ਨਾ ਜੋਗੀ ਜਾਣੈ, ਰੁਤੀ ਮਾਹੁ ਨਾ ਕੋਈ॥ (ਜਪੁ)

ਵਾਰ—ਬਹੁਵਚਨ ਰਾਤੀ ਰੁਤੀ ਥਿਤੀ **ਵਾਰ**॥ (ਜਪੁ)

ਜਨੁ—ਇਕ ਵਚਨ **ਜਨੁ** ਰਾਤਾ ਹਰਿਨਾਮ ਕੀ ਸੇਵਾ॥ (ਸੁਖਮਨੀ—੨੬੫)

ਜਨ—ਬਹੁਵਚਨ ਪ੍ਰਭ ਕਉ ਸਿਮਰਹਿ, ਸੇ **ਜਨ** ਪਰਵਾਨ॥ (ਸੁਖਮਨੀ—੨੬੩)

ਪੰਡਿਤੁ—ਇਕ ਵਚਨ ਸੋ **ਪੰਡਿਤੁ**, ਜੋ ਮਨੁ ਪਰਬੋਧੈ॥ (ਸੁਖਮਨੀ—੨੭੪)

ਪੰਡਿਤ—ਬਹੁਵਚਨ ਗਾਵਨਿ **ਪੰਡਿਤ** ਪੜਨਿ ਰਖੀਸਰ, ਜੁਗੁ ਜੁਗੁ ਵੇਦਾ ਨਾਲੇ॥ (ਜਪੁ)

ਮਾਹੁ—ਇਕ ਵਚਨ ਕਵਣਿ ਸਿ ਰੁਤੀ, **ਮਾਹੁ** ਕਵਣੁ, ਜਿਤੁ ਹੋਆ ਆਕਾਰੁ॥ (ਜਪੁ)

ਮਾਹ—ਬਹੁਵਚਨ **ਮਾਹ** ਦਿਵਸ ਮੂਰਤ ਭਲੇ, ਜਿਸ ਕਉ ਨਦਰਿ ਕਰੇ॥ (ਬਾਰਹਮਾਹਾ—੧੩੬)

ਇਸੇ ਪ੍ਰਕਾਰ ਸਿੱਖ, ਸਾਧ, ਸੰਤ, ਜੰਤ, ਪਾਠ, ਜਾਪ, ਤਾਪ, ਸੰਜਮ, ਪੁੰਨ, ਪਾਪ, ਨਿੰਦਕ, ਦੇਸ, ਵੇਸ, ਦਿਨ, ਸੁਖ, ਆਹਰ, ਭੋਜਨ ਆਦਿ ਸ਼ਬਦ ਬਹੁਵਚਨ ਦੇ ਲਖਾਇਕ ਹਨ।

(ਅ) ਬਹੁਵਾਚਕ ਨਾਂਵ ਦੇ ਵਿਸ਼ੇਸ਼ਣ (Adjective) ਦਾ ਭੀ ਅੰਤਲਾ ਅੱਖਰ ਮੁਕਤਾ ਹੁੰਦਾ ਹੈ। ਜਿਵੇਂ :

ਅਮੁਲ—ਬਹੁਵਚਨ **ਅਮੁਲ** ਗੁਣ **ਅਮੁਲ** ਵਾਪਾਰ॥ (ਜਪੁ—੫)

ਇਸ ਤੁਕ ਵਿਚ 'ਗੁਣ' ਅਤੇ 'ਵਾਪਾਰ' ਦਾ ਵਿਸ਼ੇਸ਼ਣ ਹੈ, 'ਅਮੁਲ'। ਕਿਉਂਕਿ 'ਗੁਣ' ਅਤੇ 'ਵਾਪਾਰ' **ਦੋਵੇਂ** ਸ਼ਬਦ **'ਔਂਕੜ'** ਤੋਂ ਬਿਨਾਂ ਹਨ; ਇਸ ਲਈ **ਬਹੁ ਵਚਨ ਨਾਂਵ** ਹਨ। ਇਹਨਾਂ ਦਾ **ਵਿਸ਼ੇਸ਼ਣ** 'ਅਮੁਲ' ਵੀ ਬਿਨਾਂ ਔਂਕੜ ਤੋਂ ਭਾਵ ਮੁਕਤਾ-ਅੰਤ ਹੀ ਹੋਵੇਗਾ।

ਅਮੁਲੁ—ਇਕ ਵਚਨ **ਅਮੁਲੁ** ਧਰਮੁ **ਅਮੁਲੁ** ਦੀਬਾਣੁ॥ (ਜਪੁ—੫)

ਇਸ ਤੁਕ ਵਿਚ 'ਧਰਮੁ' ਅਤੇ 'ਦੀਬਾਣੁ' ਦਾ ਵਿਸ਼ੇਸ਼ਣ 'ਅਮੁਲੁ' ਹੈ। ਕਿਉਂਕਿ ਸ਼ਬਦ 'ਧਰਮੁ' ਤੇ 'ਦੀਬਾਣੁ' ਦੋਵੇਂ ਔਂਕੜ ਸਹਿਤ ਹਨ ਤੇ ਇਕ ਵਚਨ ਪੁਲਿੰਗ ਹਨ। ਇਸ ਲਈ ਇਕ ਵਚਨ ਪੁਲਿੰਗ ਨਾਂਵ ਦੇ ਨਾਲ ਵਿਸ਼ੇਸ਼ਣ ਭੀ 'ਅਮੁਲੁ' ਔਂਕੜ ਸਹਿਤ ਹੀ ਆਵੇਗਾ।

2. (ੳ) ਇਸਤ੍ਰੀ ਲਿੰਗ ਨਾਵਾਂ (Feminine Nouns) ਦੇ ਅੰਤ ਵਿਚ ਆਮ ਤੌਰ ਤੇ ਔਂਕੜ ਨਹੀਂ ਹੁੰਦਾ, ਮੁਕਤਾ ਹੁੰਦਾ ਹੈ। ਜਿਵੇਂ :—

ਦੇਹ—ਦੇਹੀ ਜਿਤੁ ਦਿਨਿ ਦੇਹ ਬਿਨਸਸੀ, ਤਿਤੁ ਵੇਲੈ ਕਹਸਨਿ ਪ੍ਰੇਤੁ॥ (੧੩੪)

ਧਨ—ਇਸਤ੍ਰੀ ਜੋ ਪਿਰੁ ਕਰੈ, ਸੁ 'ਧਨ' ਤਤੁ ਮਾਨੈ॥ (੧੦੭੨)

ਸਾਧਨ—ਇਸਤ੍ਰੀ ਸਾ ਧਨ ਨਾਵੈ ਬਾਹਰੀ, ਅਵਗਣਵੰਤੀ ਰੋਇ॥ (੩੭)

ਵਾਤ—ਬਾਤ ਜੇ ਤਿਸੁ ਨਦਰਿ ਨ ਆਵਈ, ਤ **ਵਾਤ** ਨ ਪੁਛੈ ਕੇ॥ (ਜਪੁ)

ਭੁਖ—ਭੁਖ ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ॥ (ਜਪੁ)

ਇਸੇ ਤਰ੍ਹਾਂ, ਬਾਤ, ਧੋਖ, ਧੀਰ, ਪਿਆਸ, ਖੇਹ, ਸੇਵ, ਵੇਲ, ਘਾਲ, ਠਉਰ, ਗਣਤ, ਜੰਵ, ਮਹਲ, ਕਲਮ, ਵਾਟ, ਪੂਜ, ਭੂਖ, ਨੀਦ, ਕੰਧ, ਤਿਖ, ਪੀੜ, ਪੀਰ, ਆਸ... ਆਦਿ ਇਸਤ੍ਰੀ-ਲਿੰਗ ਹੋਣ ਕਰਕੇ ਮੁਕਤਾ ਅੰਤ ਆਉਂਦੇ ਹਨ।

ਨੋਟ : ਇਥੇ ਇਹ ਗੱਲ ਯਾਦ ਰੱਖਣ ਯੋਗ ਹੈ ਕਿ ਕਈ ਅਜੇਹੇ ਇਸਤ੍ਰੀ ਲਿੰਗ ਨਾਂਵ ਹਨ, ਜਿਨ੍ਹਾਂ ਦੇ ਅੰਤ ਵਿਚ ਹਮੇਸ਼ਾਂ ਔਂਕੜ ਆਉਂਦਾ ਹੈ। ਇਹ ਔਂਕੜ ਸ਼ਬਦਾਂ ਦਾ ਆਪਣਾ ਹੈ ਜੋ ਮੌਲਿਕ ਅੰਗ ਹੋਣ ਕਰਕੇ ਹਰ ਹਾਲਤ ਵਿਚ ਕਾਇਮ ਰਹਿੰਦਾ ਹੈ। ਸੰਸਕ੍ਰਿਤ ਵਿਚੋਂ ਆਉਣ ਸਮੇਂ ਇਹ ਸ਼ਬਦ ਆਪਣਾ ਮੌਲਿਕ ਔਂਕੜ ਨਾਲ ਹੀ ਲੈਕੇ ਆਏ ਹਨ। ਇਹ ਔਂਕੜ ਵੇਖਕੇ ਸਾਨੂੰ ਸ਼ਬਦਾਂ ਦੇ ਇਕ ਵਚਨ ਪੁਲਿੰਗ ਹੋਣ ਦਾ ਭੁਲੇਖਾ ਨਹੀਂ ਪੈਣਾ ਚਾਹੀਦਾ। ਅਜੇਹੇ ਸ਼ਬਦ ਹੇਠ ਲਿਖੇ ਹਨ :

ਅੰਸੁ, ਸਾਸੁ, ਹਿੰਙੁ, ਕਛੁ, ਕਲਤੁ, ਖਾਕੁ, ਖਾਂਡੁ, ਖੜੁ, ਚਿੰਜੁ, ਛਾਰੁ, ਜਿੰਦੁ, ਜਰੁ, ਤੰਤੁ, ਦਭੁ, ਦਰਦੁ, ਧੇਣੁ (ਧੇਨੁ), ਧਾਤੁ, ਪਉਣੁ, ਫੇਨੁ, ਬਸਤੁ, ਬਿਖੁ, ਬੇਨੁ, ਬਿੰਦੁ, ਭਸੁ, ਮਸੁ, ਮੁਸਕਲੁ, ਮਲੁ (ਮੈਲੁ), ਰੇਣੁ (ਰੇਨੁ), ਰਕਤੁ, ਰਤੁ, ਰੇਤੁ, ਲਾਜੁ (ਲਜੁ), ਵਾਉ, ਵਿਸੁ, ਵੰਸੁ, ਵਾਸੁ, ਵਸਤੁ, ਵਥੁ, ਭੰਡੁ।

(ਅ) ਇਸਤ੍ਰੀ-ਲਿੰਗ ਨਾਂਵ ਦੇ ਵਿਸ਼ੇਸ਼ਣ (Adjective) ਸਦਾ ਮੁਕਤਾ ਅੰਤ ਹੀ ਆਉਂਦੇ ਹਨ। ਜਿਵੇਂ :

ਫਕੜ **ਫਕੜ** ਜਾਤੀ **ਫਕੜੁ** ਨਾਉ॥ (੮੩)

ਇਸ ਤੁਕ ਵਿਚ 'ਜਾਤੀ' **ਇਸਤਰੀ ਲਿੰਗ ਨਾਂਵ** ਹੈ, ਇਸਦਾ **ਵਿਸ਼ੇਸ਼ਣ** 'ਫਕੜ' ਬਿਨਾਂ ਔਂਕੜ ਤੋਂ (ਮੁਕਤਾ ਅੰਤ) ਹੈ। ਪ੍ਰੰਤੂ ਸ਼ਬਦ 'ਨਾਉਂ' **ਇਕ ਵਚਨ ਪੁਲਿੰਗ** ਹੈ, ਇਸ ਲਈ ਇਸ ਦਾ ਵਿਸ਼ੇਸ਼ਣ **'ਫਕੜੁ'** ਔਂਕੜ ਸਹਿਤ ਹੈ।

ਕਵਣ ਕਵਣੁ ਸੁ ਵੇਲਾ, ਵਖਤੁ **ਕਵਣੁ**, **ਕਵਣ** ਥਿਤਿ ਕਵਣੁ ਵਾਰੁ॥ (੪)

ਇਸ ਤੁਕ ਵਿਚ 'ਥਿਤਿ' ਇਸਤ੍ਰੀ ਲਿੰਗ ਨਾਂਵ ਹੋਣ ਕਰਕੇ ਇਸਦਾ ਵਿਸ਼ੇਸ਼ਣ 'ਕਵਣ' ਔਂਕੜ ਤੋਂ ਬਿਨਾਂ ('ਮੁਕਤਾ ਅੰਤ') ਹੈ। ਪ੍ਰੰਤੂ **'ਵਖਤੁ'** ਇਕ ਵਚਨ ਪੁਲਿੰਗ ਹੋਣ ਕਰਕੇ ਇਸਦਾ ਵਿਸ਼ੇਸ਼ਣ ਔਂਕੜ ਸਹਿਤ **'ਕਵਣੁ'** ਹੈ।

ਇਕ (1) ਗੁਰਾ **ਇਕ** ਦੇਹਿ ਬੁਝਾਈ॥

(2) ਸਭਨਾ ਜੀਆ ਕਾ **ਇਕੁ** ਦਾਤਾ ਸੋ ਮੈ ਵਿਸਰਿ ਨ ਜਾਈ॥ (ਜਪੁ)

ਉਪਰੋਕਤ ਤੁਕਾਂ ਵਿਚ ਨੰਬਰ (1) ਤੁਕ ਵਿਚ ਸ਼ਬਦ **'ਇਕ'** 'ਬੁਝਾਈ' ਦਾ **ਵਿਸ਼ੇਸ਼ਣ** ਹੈ ਜੋ ਇਸਤ੍ਰੀ ਲਿੰਗ ਹੋਣ ਕਰਕੇ ਔਂਕੜ ਤੋਂ ਬਿਨਾਂ 'ਇਕ' ਹੈ। ਪ੍ਰੰਤੂ ਤੁਕ ਨੰਬਰ (2) ਵਿਚ ਸ਼ਬਦ **'ਇਕੁ'**, 'ਦਾਤਾ' ਦਾ **ਵਿਸ਼ੇਸ਼ਣ** ਹੈ ਜੋ 'ਪੁਲਿੰਗ ਇਕ ਵਚਨ' ਹੋਣ ਕਰਕੇ ਔਂਕੜ ਸਹਿਤ 'ਇਕੁ' ਆਇਆ ਹੈ।

ਏਹ (1) ਨਾਨਕ ਕੀ ਬੇਨੰਤੀ **ਏਹ**॥ (੬੮੪)

(2) **ਏਹੁ** ਲੇਖਾ, ਲਿਖਿ ਜਾਣੈ ਕੋਇ॥ (ਜਪੁ—੩)

ਤੁਕ ਨੰਬਰ (1) ਵਿਚ **ਬੇਨੰਤੀ** ਇਸਤਰੀ ਲਿੰਗ ਹੋਣ ਕਰਕੇ ਇਸਦਾ ਵਿਸ਼ੇਸ਼ਣ **'ਏਹ'** ਔਂਕੜ ਤੋਂ ਬਿਨਾਂ (ਮੁਕਤਾ ਅੰਤ) ਆਇਆ ਹੈ।

ਤੁਕ ਨੰਬਰ (2) ਵਿਚ ਸ਼ਬਦ **'ਲੇਖਾ'** ਇਕ ਵਚਨ ਪੁਲਿੰਗ ਹੋਣ ਕਰਕੇ, ਇਸ ਦਾ ਪੜਨਾਵੀਂ ਵਿਸ਼ੇਸ਼ਣ **'ਏਹੁ'** ਔਂਕੜ ਸਹਿਤ ਆਇਆ ਹੈ।

ਨੋਟ :— 'ਏਹ' ਅਤੇ 'ਏਹੁ' ਦੋਹਾਂ ਦਾ ਉਚਾਰਨ 'ਏਹ' ਇਕੋ ਜਿਹਾ ਹੀ ਹੈ। 'ਏਹੁ' ਦੀ ਔਂਕੜ ਕੇਵਲ ਇਕ ਵਚਨ ਪੁਲਿੰਗ ਦੀ ਨਿਸ਼ਾਨੀ ਹੈ। 'ਏਹੁ' ਨੂੰ 'ਏਹੋ' ਉਚਾਰਨਾ ਅਸ਼ੁਧ ਹੈ।

3. (ੳ) ਜਦੋਂ ਕੋਈ ਨਾਂਵ ਸੰਬੋਧਨ ਕਾਰਕ (Vocative Case) ਵਿਚ ਹੋਵੇ, ਅਰਥਾਤ 'ਹੇ ਅਮੁਕੇ ਮਨੁੱਖ', ਕਰਕੇ ਬੁਲਾਇਆ ਹੋਵੇ ਤਾਂ ਉਸਦਾ ਅੰਤਲਾ ਔਂਕੜ ਲਹਿ ਕੇ ਮੁਕਤਾ ਹੋ ਜਾਂਦਾ ਹੈ। ਜਿਵੇਂ :

ਮੇਰੇ ਮਨ—ਹੇ ਮੇਰੇ ਮਨ **ਮੇਰੇ ਮਨ** ਰਾਮ ਨਾਮਿ ਚਿਤੁ ਲਾਇ॥ (੧੧੭੭)

ਇਥੇ **'ਮਨ'** ਸੰਬੋਧਨ ਰੂਪ ਵਿਚ ਹੋਣ ਕਰਕੇ ਔਂਕੜ ਰਹਿਤ 'ਮਨ' ਹੋ ਗਿਆ ਹੈ।

ਬਾਮਣ—ਹੇ ਬਾਮਣ ਮੂਰਖ **ਬਾਮਣ**, ਪ੍ਰਭੂ ਸਮਾਲਿ॥ (੩੭੨)

ਇਥੇ 'ਬਾਮਣ' ਸ਼ਬਦ ਇਕ ਵਚਨ ਪੁਲਿੰਗ ਹੋਣ ਕਰਕੇ ਔਂਕੜ ਸਹਿਤ ਆਉਣਾ ਚਾਹੀਦਾ ਸੀ, ਪਰ ਕਿਉਂਕਿ ਇਹ ਸ਼ਬਦ ਸੰਬੋਧਨ ਰੂਪ ਵਿਚ ਵਰਤਿਆ ਗਿਆ ਹੈ ਇਸ ਲਈ ਇਸ ਦੀ ਔਂਕੜ ਲੱਥ ਗਈ ਹੈ।

ਪੰਡਿਤ—ਹੇ ਪੰਡਿਤ ਕਹੁ ਰੇ **ਪੰਡਿਤ**, ਬਾਮਨ ਕਬ ਕੇ ਹੋਏ॥ (੩੨੪)

ਇਥੇ ਸ਼ਬਦ 'ਪੰਡਿਤ' ਭਾਵੇਂ ਇਕ ਵਚਨ ਪੁਲਿੰਗ ਹੀ ਹੈ ਪਰ ਸੰਬੋਧਨ ਰੂਪ ਵਿਚ ਵਰਤੇ ਜਾਣ ਕਰਕੇ ਇਸ ਦਾ ਔਂਕੜ ਲੱਥ ਗਿਆ ਹੈ।

ਨਾਨਕ—ਹੇ ਨਾਨਕ **ਨਾਨਕ**, ਭਗਤਾ ਸਦਾ ਵਿਗਾਸੁ॥ (ਜਪੁ)

ਇਥੇ ਅਰਥ ਹੋਣਗੇ, ਹੇ ਨਾਨਕ ! ਭਗਤਾਂ ਦੇ ਮਨ ਵਿਚ ਸਦਾ ਖੇੜਾ ਰਹਿੰਦਾ ਹੈ। ਪ੍ਰੰਤੂ ਹੇਠਲੀ ਤੁਕ

'ਨਾਨਕੁ' ਨੀਚੁ, ਕਹੈ ਵੀਚਾਰੁ॥

ਵਿਚ 'ਨਾਨਕੁ' ਔਂਕੜ ਸਹਿਤ ਹੋਣ ਕਰਕੇ ਕਰਤਾ ਕਾਰਕ ਪੁਲਿੰਗ ਹੈ। ਇਥੇ ਅਰਥ ਹੈ ਨੀਚ ਨਾਨਕ, ਗਰੀਬ ਨਾਨਕ, ਵਿਚਾਰਾ ਨਾਨਕ। ਇਹ ਗੁਰੂ ਜੀ ਨੇ ਅਤਿ ਗਰੀਬੀ ਭਾਵ ਵਿਚ, ਨਿਮ੍ਰਤਾ ਵਿਚ ਆਕੇ, ਇਹ ਸ਼ਬਦ ਆਪਣੇ ਲਈ ਵਰਤੇ ਹਨ। ਇਥੇ ਅਰਥ 'ਹੇ ਨਾਨਕ' ਨਹੀਂ ਕੀਤੇ ਜਾ ਸਕਦੇ। 'ਨੀਚੁ' ਵਿਸ਼ੇਸ਼ਣ 'ਨਾਨਕੁ' ਦਾ ਹੈ ਜੋ ਇਕ ਵਚਨ ਪੁਲਿੰਗ ਹੋਣ ਕਰਕੇ ਔਂਕੜ ਸਹਿਤ ਹੀ ਆਇਆ ਹੈ। ਇਸੇ ਤਰ੍ਹਾਂ :

ਸੁਨਿ ਮੀਤਾ, ਨਾਨਕੁ ਬਿਨਵੰਤਾ॥ (੨੭੧)

ਵਿਚ 'ਨਾਨਕੁ ਬਿਨਵੰਤਾ' ਦਾ ਅਰਥ ਹੈ, 'ਨਾਨਕ ਬੇਨਤੀ ਕਰਦਾ ਹੈ।

(ਅ) ਸੰਬੋਧਨ ਕਾਰਕ ਵਾਲੇ ਨਾਂਵ ਨਾਲ ਜੋ ਵਿਸ਼ੇਸ਼ਣ ਹੋਵੇ, ਉਹ ਭੀ ਔਂਕੜ ਤੋਂ ਬਿਨਾਂ, ਮੁਕਤਾ-ਅੰਤ ਹੋਵੇਗਾ। ਜਿਵੇਂ :

ਮੂਰਖ **ਮੂਰਖ ਬਾਮਣ**, ਪ੍ਰਭੂ ਸਮਾਲਿ॥ (੩੭੨)

ਇਥੇ ਵਿਸ਼ੇਸ਼ਣ ਮੂਰਖ ਵੀ ਔਂਕੜ ਤੋਂ ਬਿਨਾਂ (ਮੁਕਤਾ ਅੰਤ) ਹੈ। ਅਰਥ ਹੈ—ਹੇ ਮੂਰਖ ਬਾਮਣ।

ਦਇਆਲ ਨਾਨਕ ਕਾਢਿ ਲੇਹੁ ਪ੍ਰਭ **ਦਇਆਲ**॥ (ਸੁਖਮਨੀ—੨੬੭)

ਇਥੇ **'ਪ੍ਰਭ'** ਸੰਬੋਧਨ ਰੂਪ ਵਿਚ ਹੋਣ ਕਰਕੇ ਔਂਕੜ ਤੋਂ ਬਿਨਾਂ ਹੈ, ਇਸ ਲਈ ਇਸ ਦਾ ਵਿਸ਼ੇਸ਼ਣ **'ਦਇਆਲ'** ਵੀ ਔਂਕੜ ਤੋਂ ਬਿਨਾਂ ਹੈ। ਅਰਥ ਹੈ, ਹੇ ਦਇਆਲ ਪ੍ਰਭੂ !

4. ਸੰਬੰਧ ਕਾਰਕ (Possessive Case) ਵਿਚ ਸੰਬੰਧੀ ਨਾਂਵ ਦੇ ਅੰਤਲੇ ਅੱਖਰ ਨਾਲੋਂ ਔਂਕੜ ਲਹਿ ਕੇ, 'ਮੁਕਤਾ' ਹੋ ਜਾਂਦਾ ਹੈ ਭਾਵੇਂ ਸੰਬੰਧਕੀ ਪਦ 'ਦਾ' ਜਾਂ 'ਕਾ' ਅਲੋਪ ਹੋਵੇ ਜਾਂ ਪਰਗਟ, ਜਿਵੇਂ :

ਧਿਆਨ ਮੁੰਦਾ ਸੰਤੋਖੁ, ਸਰਮੁ ਪਤੁ ਝੋਲੀ, **ਧਿਆਨ ਕੀ** ਕਰਹਿ ਬਿਭੂਤਿ॥ (ਜਪੁ)

ਇਸ ਤੁਕ ਵਿਚ ਜਿਵੇਂ 'ਸੰਤੋਖੁ' ਅਤੇ 'ਸਰਮੁ' ਨਾਲ ਔਂਕੜ ਆਇਆ ਹੈ ਤਿਵੇਂ 'ਧਿਆਨ' ਨਾਲ ਭੀ ਚਾਹੀਦਾ ਸੀ, ਪਰ ਸ਼ਬਦ ਧਿਆਨ ਦੇ ਨਾਲ 'ਕੀ' ਸੰਬੰਧਕ ਆ ਜਾਣ ਨਾਲ 'ਧਿਆਨ' ਦਾ ਔਂਕੜ ਲੱਥ ਗਿਆ ਹੈ।

ਗੁਰ ਪੂਰੇ **ਗੁਰ ਕਾ** ਹੁਕਮ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ॥ (੩੦੩)

ਇਸ ਤੁਕ ਵਿਚ 'ਗੁਰ' ਸ਼ਬਦ ਔਂਕੜ ਤੋਂ ਬਿਨਾਂ ਆਇਆ ਹੈ 'ਗੁਰ' ਦਾ ਅਸਲ ਰੂਪ 'ਰੁ' ਗੁਰੁ ਵਾਲਾ ਹੈ। ਪਰ ਇਸ ਦੇ ਨਾਲ ਸੰਬੰਧਕ (Preposition) 'ਕਾ' ਆ ਜਾਣ ਕਰਕੇ 'ਰ' ਨਾਲੋਂ ਔਂਕੜ ਲੱਥ ਗਈ ਹੈ।

ਇਹ ਜ਼ਰੂਰੀ ਨਹੀਂ ਕਿ ਸੰਬੰਧਕ (Preposition) ਕਾ, ਕੇ, ਕੀ, ਪਰਗਟ ਰੂਪ ਵਿਚ ਹੀ ਹੋਵੇ, ਜੇ ਇਹ ਸੰਬੰਧਕ ਲੁਪਤ ਵੀ ਹੋਣ ਤਾਂ ਵੀ ਸੰਬੰਧੀ ਨਾਂਵ ਦਾ ਔਂਕੜ ਲੱਥ ਕੇ ਮੁਕਤਾ ਅੰਤ ਹੋ ਜਾਂਦਾ ਹੈ। ਜਿਵੇਂ :

ਜਗਦੀਸ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ **ਜਗਦੀਸ**॥ (ਜਪੁ)

ਇਥੇ 'ਜਗਦੀਸ' ਸ਼ਬਦ ਇਕ ਵਚਨ ਪੁਲਿੰਗ ਹੋਣ ਕਰਕੇ ਔਂਕੜ ਸਹਿਤ ਹੋਣਾ ਚਾਹੀਦਾ ਸੀ ਪਰ ਕਿਉਂਕਿ ਸੰਬੰਧਕੀ ਪਦ **ਕਾ (ਦਾ)** ਲੁਪਤ ਹੈ ਇਸ ਲਈ 'ਜਗਦੀਸ' ਦੇ 'ਸ' ਦਾ ਔਂਕੜ ਲੱਥ ਕੇ ਮੁਕਤਾ ਅੰਤ ਰਹਿ ਗਿਆ ਹੈ। 'ਏਕ ਨਾਮੁ ਜਗਦੀਸ' ਦਾ ਅਰਥ ਹੈ ਜਗਦੀਸ ਦਾ ਇਕ ਨਾਮ।

ਗੁਰ-ਪ੍ਰਸਾਦਿ—ਦਾ ਅਰਥ ਹੈ ਗੁਰੂ **ਦੀ** ਕ੍ਰਿਪਾ। ਇਸ ਲਈ ਗੁਰ ਔਂਕੜ ਰਹਿਤ ਹੈ।

ਗੁਰ-ਸਿਖ—ਦਾ ਅਰਥ ਹੈ ਗੁਰੂ **ਦਾ** ਸਿਖ। ਇਸ ਲਈ ਗੁਰ ਔਂਕੜ ਰਹਿਤ ਹੈ।

ਪੁਰਾਣੁ ਹਰਿ ਹਰਿ ਕਥਾ ਪੜਹਿ, **ਪੁਰਾਣੁ** ਜੀਉ॥ (ਰਾਮਕਲੀ ਸਦ—੯੨੩)

ਇਸ ਤੁਕ ਵਿਚ ਸ਼ਬਦ 'ਪੁਰਾਣੁ' ਔਂਕੜ ਸਹਿਤ ਹੈ। ਇਸ ਲਈ ਇਸ ਦਾ ਅਰਥ 'ਪੁਰਾਣ ਦੀ' ਨਹੀਂ ਹੋ ਸਕਦਾ। ਜੇ ਅਰਥ 'ਪੁਰਾਣ ਦੀ' ਹੁੰਦਾ ਤਾਂ 'ਪੁਰਾਣੁ' ਦੀ ਅੰਤਲੀ ਔਂਕੜ ਲੱਥ ਜਾਣੀ ਚਾਹੀਦੀ ਸੀ। ਸੋ ਤੁਕ ਦਾ ਅਰਥ ਹੈ, 'ਹਰੀ ਦੀ ਕਥਾ ਰੂਪ, 'ਪੁਰਾਣ' ਪੜ੍ਹਣ'।

(੯੨੩)

ਗੋਪਾਲ ਕੇਸੋ **ਗੋਪਾਲ** ਪੰਡਿਤ ਸਦਿਅਹੁ,
ਹਰਿ ਹਰਿ, ਕਥਾ ਪੜਹਿ, ਪੁਰਾਣੁ ਜੀਉ॥

ਇਸ ਤੁਕ ਵਿਚ 'ਗੋਪਾਲ' ਸ਼ਬਦ ਵਾਹਿਗੁਰੂ ਦਾ ਲਖਾਇਕ ਹੋਣ ਕਰਕੇ ਇਕ ਵਚਨ ਪੁਲਿੰਗ ਹੈ, ਜੋ ਔਂਕੜ ਸਹਿਤ ਹੋਣਾ ਚਾਹੀਦਾ ਸੀ। ਪਰੰਤੂ ਸੰਬੰਧਕੀ ਪਦ '**ਦੇ**' ਲੁਪਤ ਹੋਣ ਕਰਕੇ '**ਗੋਪਾਲ ਦੀ ਔਂਕੜ**' ਕੱਟੀ ਗਈ ਹੈ। ਤੁਕ ਦਾ ਅਰਥ ਹੈ :

ਕੇਸੋ ਗੋਪਾਲ ਪੰਡਿਤ ਸਦਿਅਹੁ ਕੇਸੋ ਗੋਪਾਲ ਦੇ ਪੰਡਤਾਂ ਨੂੰ ਸੱਦਣਾ, ਭਾਵ ਵਾਹਿਗੁਰੂ ਦੇ ਪੰਡਿਤਾਂ ਨੂੰ ਸੱਦਣਾ, ਭਾਵ ਵਾਹਿਗੁਰੂ ਦੇ ਗੁਰਸਿੱਖਾਂ ਨੂੰ ਸੱਦਣਾ।

ਹਰਿ ਹਰਿ ਕਥਾ ਪੜਹਿ, ਪੁਰਾਣੁ ਜੀਉ॥ਜੋ ਆ ਕੇ ਹਰੀ ਦੀ ਕਥਾ ਰੂਪ ਪੁਰਾਣ ਪੜ੍ਹਨ।

ਭਾਵ ਗੁਰਬਾਣੀ ਦੀ ਵੀਚਾਰ, ਸਿਫਤ ਸਲਾਹ ਕਰਨ।

5. ਜਿਨ੍ਹਾਂ ਨਾਵਾਂ ਦੇ ਨਾਲ ਸੰਬੰਧਕੀ ਪਦ () ਮਹਿ, ਵਿਚਿ ਊਪਰਿ, ਪਹਿ, ਪਾਸਿ, ਬਿਨੁ, ਵਿਟਹੁ, ਕਉ, ਸੇਤੀ ਆਦਿ ਆਉਣ, ਉਹਨਾਂ ਨਾਵਾਂ ਦਾ

ਅੰਤਲਾ ਅੱਖਰ, ਔਂਕੜ ਲੱਥ ਕੇ, ਮੁਕਤਾ ਅੰਤ ਹੋ ਜਾਂਦਾ ਹੈ। ਜਿਵੇਂ :

ਮਹਿ ਸਗਲ **'ਉਦਮ' ਮਹਿ** ਉਦਮੁ ਭਲਾ॥ (ਸੁਖਮਨੀ ੨੬੬)

ਪਹਿਲੇ 'ਉਦਮ' ਦੇ ਅੱਗੇ ਸੰਬੰਧਕੀ ਪਦ 'ਮਹਿ' ਆ ਗਿਆ ਹੈ ਇਸ ਲਈ 'ਉਦਮ' ਔਂਕੜ ਰਹਿਤ ਆਇਆ ਹੈ। ਦੂਸਰਾ 'ਉਦਮੁ' ਔਂਕੜ ਸਹਿਤ ਹੈ ਕਿਉਂਕਿ ਉਸ ਅੱਗੇ ਕੋਈ ਸੰਬੰਧਕੀ ਪਦ ਨਹੀਂ। ਇਕ ਵਚਨ ਪੁਲਿੰਗ ਹੋਣ ਕਰਕੇ ਔਂਕੜ ਸਹਿਤ 'ਉਦਮੁ' ਆਇਆ ਹੈ।

ਮਹਿ ਨਾਨਕ ਜਿਸੁ **'ਪਿੰਜਰ'** ਮਹਿ ਬਿਰਹਾ ਨਹੀ,
ਸੋ 'ਪਿੰਜਰੁ' ਲੈ ਜਾਰਿ॥ (੮੯)

ਪਹਿਲੇ 'ਪਿੰਜਰ' ਦਾ ਔਂਕੜ ਅੱਗੇ ਸੰਬੰਧਕੀ ਪਦ 'ਮਹਿ' ਹੋਣ ਕਰਕੇ ਲੱਥ ਗਿਆ ਹੈ, ਪਰ ਦੂਸਰਾ 'ਪਿੰਜਰੁ' ਔਂਕੜ ਸਹਿਤ ਹੈ ਕਿਉਂਕਿ ਅੱਗੇ ਕੋਈ ਸੰਬੰਧਕੀ ਪਦ ਨਹੀਂ।

ਵਿਚਿ ਗੁਣ **ਵਿਚਿ** ਗੁਣੁ ਲੈ ਸਾਰਿ॥ (ਬਸੰਤ ਮ: ੧)

ਪਹਿਲੇ 'ਗੁਣ' ਦੇ ਅੱਗੇ ਸੰਬੰਧਕੀ ਪਦ 'ਵਿਚਿ' ਹੈ ਇਸ ਲਈ 'ਗੁਣ' ਦੀ ਔਂਕੜ ਲੱਥ ਗਈ ਹੈ। ਦੂਸਰਾ 'ਗੁਣੁ' ਔਂਕੜ ਸਹਿਤ ਇਸ ਲਈ ਹੈ ਕਿਉਂਕਿ ਉਸ ਅੱਗੇ ਸੰਬੰਧਕੀ ਪਦ ਕੋਈ ਨਹੀਂ।

ਤੇ ਆਪਿ ਮੂਆ ਮਨੁ, 'ਮਨ' ਤੇ ਜਾਨਿਆ॥ (੧੫੩)

ਪਹਿਲਾ 'ਮਨੁ' ਔਂਕੜ ਸਹਿਤ ਹੈ ਕਿਉਂਕਿ ਉਸ ਨਾਲ ਕੋਈ ਸੰਬੰਧਕੀ ਪਦ ਨਹੀਂ। ਪਰ ਦੂਸਰਾ 'ਮਨ' ਔਂਕੜ ਤੋਂ ਬਿਨਾਂ ਹੈ ਕਿਉਂਕਿ ਉਸ ਅੱਗੇ ਸੰਬੰਧਕੀ ਪਦ 'ਤੇ' ਹੈ।

ਸੇਤੀ **ਧਰਮ 'ਸੇਤੀ'**, ਵਾਪਾਰੁ ਨ ਕੀਤੋ, ਕਰਮੁ ਨ ਕੀਤੋ ਮਿਤੁ॥(੭੫)

'ਧਰਮ' ਦੀ ਔਂਕੜ, ਅੱਗੇ ਸੰਬੰਧਕੀ ਪਦ 'ਸੇਤੀ' ਆ ਜਾਣ ਕਰਕੇ ਲੱਥ ਗਈ ਹੈ।

ਕਉ **ਖਾਲਕ 'ਕਉ'** ਆਦੇਸੁ ਢਾਢੀ ਗਾਵਣਾ॥ (੧੪੮)

'ਖਾਲਕ' ਦੀ ਔਂਕੜ ਸੰਬੰਧਕੀ ਪਦ 'ਕਉ' ਆ ਜਾਣ ਕਰਕੇ ਲੱਥ ਗਈ ਹੈ।

ਊਪਰਿ **ਸਾਧ 'ਊਪਰਿ'** ਜਾਈਐ ਕੁਰਬਾਨੁ॥ (੨੮੩)

'ਸਾਧ' ਸ਼ਬਦ ਦੀ ਔਂਕੜ, ਅੱਗੇ ਸੰਬੰਧਕੀ ਪਦ 'ਊਪਰਿ' ਆ ਜਾਣ ਕਰਕੇ ਲੱਥ ਗਈ ਹੈ।

ਇਸੇ ਤਰ੍ਹਾਂ ਸੰਬੰਧਕੀ ਪਦ, ਭੀਤਰਿ, ਬੀਚਿ, ਅੰਤਰਿ, ਮੰਝਾਰਿ, ਮਾਹਿ, ਨਿਕਟਿ ਵਲਿ ਪਾਰਿ, ਸਮਸਰਿ, ਨਾਲਿ, ਤੁਲਿ, ਨਜੀਕਿ-ਆਦਿ, ਸ਼ਬਦਾਂ ਨਾਲ ਆਉਣ ਤੇ ਸ਼ਬਦ ਦੀ ਔਂਕੜ ਲੱਥ ਜਾਂਦੀ ਹੈ।

ਵਿਸ਼ੇਸ਼ ਨੋਟ : ਜੇ ਕਰ ਕਿਸੇ ਇਕ ਵਚਨ ਨਾਉਂ ਨਾਲ 'ਸੰਬੰਧਕੀ ਪਦ' ਆ ਜਾਣ ਤੇ ਵੀ ਉਸ ਨਾਉਂ ਦੀ ਔਂਕੜ ਨਹੀਂ ਲਥਦੀ ਤਾਂ ਇਸ ਦਾ ਭਾਵ ਹੈ ਕਿ ਉਸ ਸ਼ਬਦ ਦਾ 'ਸੰਬੰਧਕੀ ਪਦ' ਨਾਲ ਕੋਈ ਸੰਬੰਧ ਨਹੀਂ। ਜਿਵੇਂ :

ਭਿਸਤੁ ਭਿਸਤੁ, ਨਜੀਕਿ ਰਾਖੁ ਰਹਮਾਨਾ॥ (੧੧੬੧)

ਇਸ ਤੁਕ ਵਿਚ ਸ਼ਬਦ 'ਭਿਸਤੁ' 'ਇਕ ਵਚਨ ਪੁਲਿੰਗ' ਹੋਣ ਕਰਕੇ 'ਤੁ' ਔਂਕੜ ਸਹਿਤ ਹੈ। ਇਸ ਨਾਲ ਸ਼ਬਦ 'ਨਜੀਕਿ' ਸੰਬੰਧਕੀ ਪਦ ਹੈ। ਨਿਯਮ ਅਨੁਸਾਰ ਸੰਬੰਧਕੀ ਪਦ 'ਨਜੀਕਿ' 'ਭਿਸਤੁ' ਅੱਗੇ ਆ ਜਾਣ ਕਰਕੇ 'ਭਿਸਤੁ' ਦੇ 'ਤ' ਦੀ ਔਂਕੜ ਲੱਥ ਜਾਣੀ ਚਾਹੀਦੀ ਸੀ, ਪਰ ਐਸਾ ਹੋਇਆ ਨਹੀਂ। ਗੁਰਬਾਣੀ ਵਿਚ ਇਹ ਔਂਕੜ ਲੱਗੀ ਹੋਈ ਹੈ। ਇਹ ਔਂਕੜ ਦਾ ਨਾਂਹ ਲੱਥਣਾ ਦਸਦਾ ਹੈ ਕਿ ਸ਼ਬਦ 'ਭਿਸਤੁ' ਦਾ ਨਜੀਕਿ ਨਾਲ ਕੋਈ ਸੰਬੰਧ ਨਹੀਂ। ਇਸ ਲਈ ਪਾਠ ਕਰਨ ਲਗਿਆਂ ਤੇ ਅਰਥ ਕਰਨ ਲਗਿਆਂ 'ਭਿਸਤੁ' 'ਨਜੀਕਿ' ਨਾਲੋਂ ਨਿਖੇੜ ਕੇ ਰੱਖਣਾ ਤੇ ਪੜ੍ਹਨਾ ਹੈ। ਇਸ ਤੁਕ ਦੇ ਅਰਥ ਇਸ ਤਰ੍ਹਾਂ ਹੋਣਗੇ।

ਨਜੀਕਿ ਰਾਖੁ ਰਹਮਾਨਾ—ਹੇ ਰਹਮਾਨਾ! ਆਪਣੇ ਨਜੀਕ ਰੱਖ।

ਭਿਸਤੁ—(ਮੇਰੇ ਲਈ) ਇਹ ਹੀ ਸਵਰਗ ਹੈ।

ਜੇ ਅਸੀਂ ਇਸ ਔਂਕੜ ਦਾ ਖਿਆਲ ਨਾ ਰਖੀਏ ਤੇ ਗੁਰਬਾਣੀ ਵਿਆਕਰਣ ਦੇ ਨਿਯਮਾਂ ਨੂੰ ਅੱਖੋਂ ਓਹਲੇ ਕਰਕੇ ਇਸ ਤੁਕ ਦੇ ਅਰਥ ਕਰਾਂਗੇ ਤਾਂ ਇਹ ਅਰਥ ਹੇਠ ਲਿਖੇ ਹੋਣਗੇ ਜੋ ਸਰਾਸਰ ਗੁਰਮਤਿ ਵਿਰੋਧੀ ਹਨ :

ਹੇ ਰਹਮਾਨ, ਮੈਨੂੰ ਸਵਰਗ ਦੇ ਨੇੜੇ ਰੱਖ।

ਗੁਰਸਿੱਖ ਕਦੀ ਵੀ ਸਵਰਗ ਦੀ ਲਾਲਸਾ ਨਹੀਂ ਰਖਦਾ ਤੇ ਨਾ ਹੀ ਕਿਸੇ ਸੁਰਗ-ਨਰਕ ਦੇ ਚੱਕਰ ਵਿਚ ਪੈਂਦਾ ਹੈ। ਗੁਰਸਿਖ ਦਾ ਨਿਸ਼ਾਨਾ ਤਾਂ ਇਹ ਹੈ :

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥

ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥ (੯੬੯)

ਮਨੁ। ਕਾਇਆ ਆਰਣੁ ਮਨੁ; 'ਵਿਚਿ' ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥ (੯੯੦)

ਇਸ ਤੁਕ ਵਿਚ ਸ਼ਬਦ 'ਮਨੁ' ਦੇ ਅੱਗੇ ਸੰਬੰਧਕੀ ਪਦ 'ਵਿਚਿ' ਹੈ, ਪਰ ਸ਼ਬਦ 'ਮਨੁ' ਦੀ ਔਂਕੜ ਲੱਥੀ ਨਹੀਂ। ਇਹ ਔਂਕੜ ਸਪਸ਼ਟ ਕਰਦੀ ਹੈ ਕਿ ਸ਼ਬਦ 'ਮਨੁ' ਦਾ 'ਵਿਚਿ' ਸੰਬੰਧਕ ਨਾਲ ਕੋਈ ਸੰਬੰਧ ਨਹੀਂ। ਇਸ ਲਈ ਅਰਥ ਕਰਨ ਲਗਿਆਂ ਤੇ ਉਚਾਰਨ ਕਰਨ ਸਮੇਂ ਮਨੁ ਤੇ ਰੁਕਣਾ ਹੈ ਤੇ 'ਵਿਚਿ' ਨਾਲੋਂ 'ਮਨੁ' ਨੂੰ ਨਿਖੇੜ ਕੇ ਅਰਥ ਕਰਨੇ ਹਨ। ਇਸ ਦੇ ਸਹੀ ਅਰਥ ਹੋਣਗੇ, ਕਾਇਆ 'ਆਰਣੁ' ਹੈ। ਇਸ ਕਾਇਆ 'ਵਿਚਿ' ਮਨੁ ਲੋਹਾ ਹੈ।

ਦੂਖੁ ਦੀਵਾ ਮੇਰਾ ਏਕੁ ਨਾਮੁ, ਦੂਖੁ, ਵਿਚਿ ਪਾਇਆ ਤੇਲੁ॥ (੩੫੮)

ਇਸ ਤੁਕ ਵਿਚ ਸ਼ਬਦ 'ਦੂਖੁ' ਔਂਕੜ ਸਹਿਤ ਹੈ। ਇਸ ਅਗੇ ਸੰਬੰਧਕੀ ਪਦ 'ਵਿਚਿ' ਆ ਰਿਹਾ ਹੈ, ਪਰ 'ਦੂਖੁ' ਦੇ 'ਖ' ਦੀ ਔਂਕੜ ਲੱਥੀ ਨਹੀਂ। ਇਹ ਔਂਕੜ ਦਸਦੀ ਹੈ ਕਿ ਸ਼ਬਦ 'ਦੂਖੁ' ਦਾ 'ਵਿਚਿ' ਨਾਲ ਕੋਈ ਸੰਬੰਧ ਨਹੀਂ। ਅਰਥ ਕਰਨ ਸਮੇਂ ਅਤੇ ਉਚਾਰਨ ਸਮੇਂ 'ਦੂਖੁ' ਨੂੰ 'ਵਿਚਿ' ਨਾਲੋਂ ਨਿਖੇੜ ਕੇ ਪੜ੍ਹਨਾ ਹੈ। ਤੁਕ ਦੇ ਸਹੀ ਅਰਥ ਹੋਣਗੇ, ਮੇਰੇ ਵਾਸਤੇ ਪ੍ਰਮਾਤਮਾ ਦਾ ਇਕ ਨਾਮ ਹੀ ਦੀਵਾ ਹੈ; ਉਸ ਦੀਵੇ ਵਿਚ ਮੈਂ ਦੁਖ ਰੂਪੀ ਤੇਲ ਪਾਇਆ ਹੋਇਆ ਹੈ।

6. ਜਦੋਂ ਕਰਤਾ ਉਤਮ ਪੁਰਖ ਬਹੁਵਚਨ (First Person Plural) ਹੋਵੇ ਤਾਂ ਉਸ ਦੀ ਸਮਾਨ ਵਰਤਮਾਨ ਕਾਲ ਵਾਲੀ ਕਿਰਿਆ ਦਾ 'ਹ' ਮੁਕਤਾ ਹੁੰਦਾ ਹੈ। ਅਜੇਹੇ ਸ਼ਬਦਾਂ ਦਾ ਉਚਾਰਨ ਬਿੰਦੀ ਲਗਾ ਕੇ ਸਰੇਵਹਿੰ ਕਰਹਿੰ ਚਾਲਹਿੰ ਆਦਿ ਕੀਤਾ ਜਾਂਦਾ ਹੈ।

ਤਿਨ੍ਹ ਹਮ ਚਰਣ 'ਸਰੇਵਹ' ਖਿਨੁ ਖਿਨੁ ਪਗ 'ਧੋਵਹ',
ਜਿਨ ਹਰਿ ਮੀਠ ਲਗਾਨ ਜੀਉ॥ (੪੪੬)
ਸੋ ਹਮ 'ਕਰਹ' ਜੁ ਆਪਿ ਕਰਾਏ॥ (੪੯੪)
ਜਿਉ ਚਲਾਏ ਤਿਉ 'ਚਾਲਹ' ਭਾਈ ਹੋਰ ਕਿਆ ਕੋ ਕਰੇ ਚਤੁਰਾਈ॥ (੬੩੫)
ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ 'ਗਾਵਹ' ਹਰਿ ਗੁਣ ਛੰਤਾ॥ (੬੫੦)
ਹਰਿ ਨਾਮੁ 'ਸਲਾਹਹ' ਦਿਨੁ ਰਾਤਿ ਏਹਾ ਆਸ ਅਧਾਰੋ॥ (੪੫੦)

ਸਰੇਵਹ—ਅਸੀਂ ਸੇਵਦੇ ਹਾਂ। ਕਰਹ—ਅਸੀਂ ਕਰਦੇ ਹਾਂ। ਧੋਵਹ—ਅਸੀਂ ਧੋਂਦੇ ਹਾਂ। ਚਾਲਹ—ਅਸੀਂ ਚਲਦੇ ਹਾਂ। ਗਾਵਹ—ਅਸੀਂ ਗਾਉਂਦੇ ਹਾਂ। ਸਲਾਹਹ—ਅਸੀਂ ਸਲਾਹੁੰਦੇ ਹਾਂ।

ਭਵਿਖਤ ਕਾਲ, ਉਤਮ ਪੁਰਖ, ਬਹੁ ਵਚਨ,
ਦੁਸਟ ਸਭਾ ਮਿਲਿ ਮੰਤਰੁ ਉਪਾਇਆ 'ਕਰਸਹ' ਅਉਧ ਘਨੇਰੀ॥ (੧੧੯੫)

ਕਰਸਹ—ਅਸੀਂ ਕਰਾਂਗੇ। ਉਚਾਰਨ ਹੈ, ਕਰਸਹਿੰ

7. ਸਥਾਨਵਾਚੀ ਪੜਨਾਵਾਂ ਜਹ, ਕਹ, ਤਹ ਦਾ ਅੰਤਲਾ ਅੱਖਰ ਸਦਾ ਮੁਕਤਾ ਹੀ ਰਹਿੰਦਾ ਹੈ। ਜਿਵੇਂ :

ਜਹ, ਕਹ, ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ॥ (੧੩੯੫)
ਜਹ-ਜਿਥੇ, ਕਹ-ਕਿਥੇ, ਤਹ-ਉਥੇ।

ਜਹ ਨੂੰ ਜਿਹ, ਕਹ ਨੂੰ ਕਿਹ ਅਤੇ ਤਹ ਨੂੰ ਤਿਹ ਪੜ੍ਹਨਾ ਭਾਰੀ ਭੁੱਲ ਹੈ ਕਿਉਂਕਿ ਇਹਨਾਂ ਦੇ ਅਰਥਾਂ ਵਿਚ ਬਹੁਤ ਅੰਤਰ ਹੈ।

ਔਂਕੜ

1. (ੳ) ਔਂਕੜ ਇਕ ਵਚਨ (Singular) ਹੋਣ ਦੀ ਨਿਸ਼ਾਨੀ ਹੈ। ਪੁਲਿੰਗ ਨਾਂਵ ਜਦ ਇਕ ਵਚਨ ਹੋਵੇ ਤਾਂ ਉਸਦੇ ਅੰਤਲੇ ਅੱਖਰ ਥੱਲੇ ਔਂਕੜ ਹੁੰਦਾ ਹੈ। ਜਿਵੇਂ :

ਮਨਮੁਖੁ	'ਮਨਮੁਖੁ' ਅਭਿੰਨੁ ਨ ਭਿਜਈ 'ਪਥਰੁ' ਨਾਵਾਇਆ॥	(੧੨੪੪)
ਪਾਤਿਸਾਹੁ	ਨਾਨਕ, ਪਾਤਿਸਾਹੀ 'ਪਾਤਿਸਾਹੁ'॥	(੫)
ਜਗੁ	ਨੈਨਹ ਦੇਖਤ ਇਹੁ 'ਜਗੁ' ਜਾਈ॥	(੩੨੫)
ਤਨੁ	ਸੋ 'ਤਨੁ' ਜਲੈ ਕਾਠ ਕੈ ਸੰਗਾ॥	(੩੨੬)

ਪਾਰਬ੍ਰਹਮੁ ਤੂੰ 'ਪਾਰਬ੍ਰਹਮੁ' ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ॥ (੧੧)

(ਅ) ਇਕ ਵਚਨ ਪੁਲਿੰਗ ਨਾਂਵ ਦੇ ਵਿਸ਼ੇਸ਼ਣ ਭੀ ਸਦਾ ਔਂਕੜ ਸਹਿਤ ਹੀ ਆਉਂਦੇ ਹਨ ਜਿਵੇਂ :

ਇਕੁ 'ਇਕੁ' ਮਨੁ ਇਕੁ ਵਰਤਦਾ ਜਿਤੁ ਲਗੈ ਸੋ ਥਾਇ ਪਾਇ॥ (੩੦੩)

ਏਹੁ ਏਹੁ ਅੰਤੁ ਨ ਜਾਣੈ ਕੋਇ॥ (ਜਪੁਜੀ)

ਅਮੁਲੁ 'ਅਮੁਲੁ' ਧਰਮੁ 'ਅਮੁਲੁ' ਦੀਬਾਣੁ॥ (ਜਪੁ)

ਇਹੁ 'ਇਹੁ' ਵਾਪਾਰੁ ਵਿਰਲਾ ਵਾਪਾਰੈ॥ (੨੮੩)

ਉਪਰੋਕਤ ਤੁਕਾਂ ਵਿਚ 'ਇਕੁ', 'ਏਹੁ', 'ਅਮੁਲੁ', 'ਇਹੁ', ਕ੍ਰਮਵਾਰ ਮਨੁ, ਅੰਤੁ, ਧਰਮੁ (ਦੀਬਾਣੁ), ਤੇ ਵਾਪਾਰੁ ਦੇ ਵਿਸ਼ੇਸ਼ਣ ਹਨ, ਜੋ ਸਾਰੇ ਔਂਕੜ ਸਹਿਤ ਹਨ।

ਨੋਟ : ਕੁਝ ਵਿਸ਼ੇਸ਼ਣ ਐਸੇ ਵੀ ਮਿਲਦੇ ਹਨ ਜੋ ਆਮ ਤੌਰ ਤੇ ਔਂਕੜ ਨਾਲ ਹੀ ਆਉਂਦੇ ਹਨ ਭਾਵੇਂ ਉਹਨਾਂ ਦਾ ਵਿਸ਼ੇਸ਼ਯ 'ਬਹੁਵਚਨ' ਹੋਵੇ ਅਤੇ ਭਾਵੇਂ 'ਇਸਤ੍ਰੀ ਲਿੰਗ'। ਅਜਿਹੇ ਵਿਸ਼ੇਸ਼ਣ, ਹੇਠ ਲਿਖੇ ਹਨ।

ਸਾਬਤੁ, ਖੁਆਰੁ, ਥਿਰੁ, ਧਨੁ, ਪਰਗਾਸੁ, ਪਰਗਟੁ, ਪਰਵਾਣੁ, ਪਵਿਤੁ, ਬਹੁਤੁ, ਮੁਕਤੁ।

2. ਜਿਹਨਾਂ 'ਇਕ ਵਚਨ ਪੁਲਿੰਗ ਨਾਂਵਾਂ' ਦੇ ਨਾਲ ਸੰਬੰਧਕੀ ਪਦ ਆ ਜਾਵੇ ਤਾਂ ਨਾਂਵ ਦੀ ਔਂਕੜ ਲੱਥ ਜਾਂਦੀ ਹੈ। ਜਿਵੇਂ : ਮਹਿ, ਵਿਚਿ, ਊਪਰਿ, ਅੰਤਰਿ, ਨਾਲਿ ਆਦਿ।

ਮਹਿ ਖਿਨ 'ਮਹਿ' ਉਪਜੈ ਖਿਨਿ ਖਪੈ ਖਿਨੁ ਆਵੈ ਖਿਨੁ ਜਾਇ॥ (੫੮)

ਬਿਨਾ ਨਾਮ 'ਬਿਨਾ' ਮਾਟੀ ਸੰਗਿ ਰਲੀਆ॥ (੩੮੫)

ਪਾਹਿ ਕਹੁ ਬੇਨੰਤੀ ਅਪੁਨੇ ਸਤਿਗੁਰ 'ਪਾਹਿ'॥ (੧੮੨)

ਸਉ ਬਾਜੀਗਰ 'ਸਉ' ਮੋਹਿ ਪ੍ਰੀਤਿ ਬਨਿ ਆਈ॥ (੪੮੭)

ਤੁਲਿ ਨਾਮ 'ਤੁਲਿ' ਕਛੁ ਅਵਰੁ ਨ ਹੋਇ॥ (ਸੁਖਮਨੀ, ੨੬੫)

ਨੋਟ : ਵਿਸਥਾਰ ਲਈ ਵੇਖੋ ਮੁਕਤਾ ਦਾ ਨਿਯਮ ਨੰਬਰ ੫

3. ਕੁਝ ਇਸਤ੍ਰੀ ਲਿੰਗ ਨਾਵਾਂ ਦੇ ਅੰਤ ਵਿਚ ਔਂਕੜ ਆਉਂਦਾ ਹੈ ਜੋ ਉਹਨਾਂ ਦਾ ਮੂਲਿਕ ਅੰਗ ਹੋਣ ਕਰਕੇ ਹੁੰਦਾ ਹੈ। ਅਰਥਾਤ ਜਿਸ ਬੋਲੀ ਵਿਚੋਂ ਉਹ ਆਏ ਹਨ, ਔਂਕੜ ਨਾਲ ਹੀ ਆਇਆ ਹੈ। ਇਹ ਔਂਕੜ ਹਮੇਸ਼ਾਂ (ਹਰ ਹਾਲਤ ਵਿਚ) ਕਾਇਮ ਰਹਿੰਦਾ ਹੈ। ਅਜਿਹੇ ਸ਼ਬਦਾਂ ਲਈ ਦੇਖੋ, 'ਮੁਕਤਾ' ਦੇ ਨਿਯਮ ਨੰਬਰ ੨ (ੳ) ਦਾ ਨੋਟ

4. ਕਈ ਅਜੇਹੇ ਸ਼ਬਦ ਹਨ ਜਿਨ੍ਹਾਂ ਦੇ ਅੰਤ ਵਿਚ ਔਂਕੜ ਮੂਲਿਕ ਅੰਗ ਹੋਣ

ਕਰਕੇ ਹਰ ਹਾਲਤ ਵਿਚ ਕਾਇਮ ਰਹਿੰਦਾ ਹੈ ਜਿਵੇਂ :

ਕਿਤੁ, ਸਭਤੁ, ਬਿਨੁ, ਬਿੰਦੁ, ਵਿਣੁ

5. ਜਿਹਨਾਂ ਕਿਰਿਆ ਵਾਚੀ ਸ਼ਬਦਾਂ ਦਾ ਅੰਤਲਾ ਅੱਖਰ 'ਨ' ਔਂਕੜ ਸਹਿਤ ਹੋਵੇ ਉਸ ਵਿਚੋਂ ਹੇਠ ਲਿਖੇ ਅਨੁਸਾਰ ਅਰਥ ਨਿਕਲਦੇ ਹਨ।

ਭੂਤ ਕਾਲ, ਅਨ ਪੁਰਖ, ਇਕ ਵਚਨ, ਇਸਤਰੀ ਲਿੰਗ (ਅੰਤ—ਅਨੁ)

ਹੁਕਮੇ ਧਰਤੀ **ਸਾਜੀਅਨੁ**, ਸਚੀ ਧਰਮਸਾਲਾ॥ (ਉਸ ਨੇ ਸਾਜੀ) (੭੮੫)

ਆਪੇ ਸ੍ਰਿਸਟਿ **ਉਪਾਈਅਨੁ**, ਆਪੇ ਫੁਨਿ ਗੋਈ॥ (ਉਸ ਨੇ ਉਪਾਈ) (੭੮੭)

ਮਲੁ ਕੂੜੀ ਨਾਮਿ **ਉਤਾਰੀਅਨੁ**, ਜਪਿ ਨਾਮੁ ਹੋਆ ਸਚਿਆਰ॥

(ਉਸ ਨੇ ਉਤਾਰੀ)(੯੫੦)

ਆਪੇ ਤਾੜੀ **ਲਾਈਅਨੁ**, ਸਭ ਮਹਿ ਪਰਵੇਸਾ॥ (ਉਸ ਨੇ ਲਾਈ) (੯੫੫)

ਨੋਟ : ਕਿਰਿਆ, ਸਾਜੀ, ਉਪਾਈ, ਉਤਾਰੀ, ਲਾਈ, ਬਿਹਾਰੀ ਨਾਲ ਹੈ।

ਭੂਤ ਕਾਲ, ਅਨ ਪੁਰਖ, ਬਹੁਵਚਨ, ਪੁਲਿੰਗ (ਅੰਤ—ਅਨੁ)

ਆਪੇ ਆਪਿ **ਉਪਾਇਅਨੁ**, ਆਪਿ ਕੀਮਤਿ ਪਾਈ॥(ਉਸ ਨੇ ਉਪਾਏ ਹਨ)

(੭੮੬)

ਇਕਿ ਆਪੇ ਹੀ ਆਪਿ **ਲਾਇਅਨੁ**, ਗੁਰ ਤੇ ਸੁਖੁ ਪਾਇਆ॥

(ਉਸ ਨੇ ਲਾਏ ਹਨ) (੭੮੯)

ਇਕਿ ਦੂਜੈ ਭਾਇ **ਖੁਆਇਅਨੁ**, ਹਉਮੈ ਵਿਚਿ ਵਿਆਪੇ॥

(ਉਸ ਨੇ ਖੁੰਝਾਏ ਹਨ)

(੭੮੯)

ਅਪਣੇ ਬਾਲਕ ਆਪਿ **ਰਖਿਅਨੁ**, ਪਾਰਬ੍ਰਹਮ ਗੁਰਦੇਵ॥

(ਉਸ ਨੇ ਰੱਖੇ ਹਨ) (੮੧੯)

ਨੋਟ : ਕਿਰਿਆ, ਉਪਾਇ, ਲਾਇ, ਖੁਆਇ, ਰਖਿ, ਸਿਹਾਰੀ ਅੰਤ ਹੈ।

ਭੂਤ ਕਾਲ, ਅਨ ਪੁਰਖ, ਇਕ ਵਚਨ, ਪੁਲਿੰਗ (ਅੰਤਿ—ਓਨੁ)

(ੳ) ਏਹੁ ਜਗੁ ਆਪਿ **ਉਪਾਇਓਨੁ**, ਕਰਿ ਚੋਜ ਵਿਡਾਨੁ॥ (ਉਸ ਨੇ ਉਪਾਇਆ ਹੈ) (੭੮੬)

ਜੇਹਾ ਧੁਰਿ ਲਿਖਿ **ਪਾਇਓਨੁ**, ਸੇ ਕਰਮ ਕਮਿਤਾ॥ (ਉਸ ਨੇ ਪਾਇਆ ਹੈ)

(੭੮੭)

ਗੁਰਮੁਖਿ ਝਗੜੁ **ਚੁਕਾਇਓਨੁ**, ਇਕੋ ਰਵਿ ਰਹਿਆ॥ (ਉਸ ਨੇ ਚੁਕਾਇਆ ਹੈ)

(੭੯੦)

ਘਟ ਅੰਤਰਿ ਅੰਮ੍ਰਿਤੁ **ਰਖਿਓਨੁ**, ਗੁਰਮੁਖਿ ਕਿਸੈ ਪਿਆਈ॥(ਉਸ ਨੇ ਰੱਖਿਆ ਹੈ)

(੯੫੧)

(ਅ) ਆਪਿ ਉਪਾਏ ਉਪਾਵਣਹਾਰੁ॥ ਆਪੇ ਕੀਤੋਨੁ ਗੁਰ ਵੀਚਾਰੁ॥ (੮੪੨)
ਹੋਰਿਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ॥ (੯੬੭)
ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ॥ (੯੬੮)

ਕੀਤੋਨੁ—ਉਸ ਨੇ ਕੀਤਾ। ਕਿਓਨੁ, ਕੀਤੋਨੁ—ਉਸ ਨੇ ਕੀਤਾ। ਦਿਤੋਨੁ—ਉਸ ਨੇ ਦਿਤਾ।

ਬਹੁਵਚਨ (ਇਸਤ੍ਰੀ ਲਿੰਗ)

ਸਭੇ ਗਲਾ ਆਪਿ ਥਾਟਿ **ਬਹਾਲੀਓਨੁ**॥ (੬੫੩)

ਬਹਾਲੀਓਨੁ—ਉਸ ਨੇ ਕਾਇਮ ਕੀਤੀਆਂ।

ਬਹੁਵਚਨ (ਪੁਲਿੰਗ)

ਆਪਿ **ਵਿਛੋੜੇਨੁ** ਸੇ ਵਿਛੁੜੇ ਦੂਜੈ ਭਾਇ ਖੁਆਇ॥ (੬੪੫)

ਵਿਛੋੜੇਨੁ—ਉਸ ਨੇ ਵਿਛੋੜੇ।

6. ਜਿਹਨਾਂ ਕ੍ਰਿਆ ਵਾਚੀ ਸ਼ਬਦਾਂ ਦੇ ਅੰਤ ਵਿਚ 'ਗੁ' ਨੂੰ ਔਂਕੜ ਆਉਂਦੀ ਹੋਵੇ ਉਹ ਭਵਿਖਤ ਕਾਲ, ਅਨ ਪੁਰਖ, ਇਕ ਵਚਨ ਪੁਲਿੰਗ ਦੇ ਅਰਥ ਦੇਂਦੇ ਹਨ।

ਬਿਨੁ ਨਾਵੈ ਪਾਜੁ **ਲਹਗੁ** ਨਿਦਾਨਿ॥ (ਲਹਗੁ—ਲਹੇਗਾ) (੮੩੨)
ਆਦਿ ਜੁਗਾਦੀ ਹੈ ਭੀ **ਹੋਗੁ**॥ (ਹੋਗੁ—ਹੋਵੇਗਾ) (੮੪੦)

7. ਜਿਹਨਾਂ ਕ੍ਰਿਆਵਾਚੀ ਸ਼ਬਦਾਂ ਦੇ ਅੰਤ ਵਿਚ 'ਹੁ' ਔਂਕੜ ਸਹਿਤ ਆਉਂਦਾ ਹੈ, ਉਹ ਹੇਠ ਲਿਖੇ ਅਨੁਸਾਰ ਅਰਥ ਦਿੰਦੇ ਹਨ :-

ਵਰਤਮਾਨ ਕਾਲ, ਮਧਮ ਪੁਰਖ ਬਹੁ ਵਚਨ

ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ **ਨਾਵਹੁ** ਕਾਹੀ ਜੀਉ॥ (੫੯੮)
ਤੁਮ ਸੁਖਦਾਈ ਪੁਰਖ ਬਿਧਾਤੇ ਤੁਮ **ਰਾਖਹੁ** ਅਪੁਨੇ ਬਾਲਾ॥ (੬੧੩)
ਡਡੈ ਡੰਫੁ **ਕਰਹੁ** ਕਿਆ ਪ੍ਰਾਣੀ ਜੋ ਕਿਛੁ ਹੋਆ ਸੁ ਸਭੁ ਚਲਣਾ॥ (੪੩੩)

ਨਾਵਹੁ—ਤੁਸੀਂ ਨ੍ਹਾਉਂਦੇ ਹੋ। ਰਾਖਹੁ—ਤੁਸੀਂ ਰਖਦੇ ਹੋ। ਕਰਹੁ—ਤੁਸੀਂ ਕਰਦੇ ਹੋ।

ਭੂਤ ਕਾਲ, ਮੱਧਮ ਪੁਰਖ, ਇਕ ਵਚਨ

ਕਕੈ ਕਾਮਿ ਕ੍ਰੋਧਿ **ਭਰਮਿਓਹੁ** ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ॥ (੪੩੫)
ਤਤੈ ਤਾਮਸਿ **ਜਲਿਓਹੁ** ਮੂੜੇ ਥਥੈ ਥਾਨ ਭਰਿਸਟੁ ਹੋਆ॥ (੪੩੫)

ਭਰਮਿਓਹੁ—ਤੂੰ ਭਰਮਿਆ। ਜਲਿਓਹੁ—ਤੂੰ ਜਲਿਆ॥

ਇਸੇ ਪ੍ਰਕਾਰ, ਖੁਆਇਓਹੁ—ਤੂੰ ਖੁੰਝਾਇਆ ਗਿਆ। ਡੁਬੋਹੁ—ਤੂੰ ਡੁੱਬਾ।

8. ਜਿਹਨਾਂ ਕ੍ਰਿਆਵਾਚੀ ਸ਼ਬਦਾਂ ਦੇ ਅੰਤ ਪਿਛੇਤਰ 'ਅਉ' ਲਗਦਾ ਹੈ ਉਹਨਾਂ ਦੇ ਅਰਥ ਹੇਠ ਲਿਖੇ ਅਨੁਸਾਰ ਹਨ :

ਭੂਤ ਕਾਲ ਅਨ ਪੁਰਖ ਇਕ ਵਚਨ

ਪ੍ਰੇਮ ਠਗਉਰੀ ਜਿਨ ਕਉ ਪਾਈ ਤਿਨ ਰਸੁ '**ਪੀਅਉ**' ਭਾਰੀ॥ (੭੦੨)
ਸਾਧ ਸੰਗਤਿ ਕੈ ਪਾਛੈ **ਪਰਿਅਉ** ਜਨ ਨਾਨਕ ਹਰਿ ਰਸੁ ਪਾਇਆ॥ (੭੧੨)
ਤੈ **ਪੜਿਅਉ** ਇਕੁ, ਮਨਿ **ਧਰਿਅਉ** ਇਕੁ, ਕਰਿ ਇਕੁ ਪਛਾਣਿਓ॥ (੧੩੯੪)
ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ **ਕੀਅਉ**॥ (੧੩੯੫)
ਆਪਿ ਨਰਾਇਣੁ ਕਲਾ ਧਾਰਿ ਜਗ ਮਹਿ **ਪਰਵਰਿਯਉ**॥ (੧੩੯੫)

ਪੀਅਉ—ਪੀਤਾ। ਪਰਿਅਉ—ਪਇਆ। ਪੜਿਅਉ—ਪੜ੍ਹਿਆ।
ਧਰਿਅਉ—ਧਰਿਆ। ਕੀਅਉ—ਕੀਤਾ। ਪਰਵਰਿਯਉ—ਪਰਵਿਰਤ ਹੋਇਆ।

9. ਜਿਨ੍ਹਾਂ ਸ਼ਬਦਾਂ ਵਿਚ ਵਰਤੀ ਗਈ ਕ੍ਰਿਆ ਦਾ ਅੰਤਲਾ ਅੱਖਰ 'ਉ' ਔਂਕੜ ਨਾਲ ਹੁੰਦਾ ਹੈ ਉਨ੍ਹਾਂ ਦੇ ਅਰਥ ਉਤਮ ਪੁਰਖ (First Person) ਅਤੇ ਅਨਯ ਪੁਰਖ (Third Person) ਵਿਚ ਹੁੰਦੇ ਹਨ।

    (ੳ) **ਉਤਮ ਪੁਰਖ** (First Person)

    ਚਿਤ ਸਿਮਰਨੁ '**ਕਰਉ**' ਨੈਨ ਅਵਿਲੋਕਨੋ, ਸ੍ਰਵਨ ਬਾਨੀ ਸੁਜਸੁ ਪੂਰਿ '**ਰਾਖਉ**'॥
    ਮਨੁ ਸੁ ਮਧੁਕਰੁ '**ਕਰਉ**' ਚਰਨ ਹਿਰਦੇ '**ਧਰਉ**', ਰਸਨ ਅੰਮ੍ਰਿਤ ਰਾਮ ਨਾਮ '**ਭਾਖਉ**'॥ (੬੯੪)

    (ਅ) **ਅਨਯ ਪੁਰਖ** (Third Person)

    ਸੋ ਮੁਖੁ '**ਜਲਉ**' ਜਿਤੁ ਕਹਹਿ ਠਾਕੁਰੁ ਜੋਨੀ॥ (੧੧੩੬)
    ਆਗਿਆ ਤੁਮਰੀ ਮੀਠੀ '**ਲਾਗਉ**' ਕੀਉ ਤੁਹਾਰੋ '**ਭਾਵਉ**'॥ (੭੧੩)

    ਇਹਨਾਂ ਤੁਕਾਂ ਵਿਚ ਆਏ ਕ੍ਰਿਆਵਾਚੀ ਸ਼ਬਦ 'ਜਲਉ', 'ਲਾਗਉ', 'ਭਾਵਉ', ਦੇ ਅਰਥ ਕ੍ਰਮਵਾਰ ਜਲ ਜਾਵੇ, ਮਿੱਠੀ ਲੱਗੇ, ਚੰਗੀ ਲੱਗੇ, ਹੋਣਗੇ। ਇਹਨਾਂ ਦਾ ਉਚਾਰਨ **ਬਿਨਾਂ ਬਿੰਦੀ ਲਗਾਏ** ਕਰਨਾ ਯੋਗ ਹੈ।

10. ਪ੍ਰਿੰਸੀਪਲ ਤੇਜਾ ਸਿੰਘ ਜੀ, ਆਪਣੀ ਪੁਸਤਕ 'ਸ਼ਬਦਾਂਤਿਕ ਲਗਾਂ ਮਾਤਰਾਂ ਦੇ ਗੁਝੇ ਭੇਦ' ਵਿਚ ਨਿਯਮ ਨੰਬਰ ੩੧ ਵਿਚ ਲਿਖਦੇ ਹਨ :

    "ਜਦੋਂ ਕਿਸੇ ਸ਼ਬਦ ਦੇ ਅੰਤ ਵਿਚ 'ਹ' ਸੁਰ ਕਰਕੇ ਵਰਤਿਆ ਜਾਂਦਾ ਹੈ ਤਾਂ ਔਂਕੜ ਉਸ 'ਹ' ਨਾਲ ਮਿਲ ਕੇ ਹੋੜੇ ਦੀ ਥਾਂ ਆਉਂਦਾ ਹੈ। ਯਥਾ :

    ਪਰਬੋਧਹੁ—ਪਰਬੋਧੋ ਜਾਗਹੁ—ਜਾਗੋ ਕਹਹੁ—ਕਹੋ
    ਅੰਦਰਹੁ—ਅੰਦਰੋਂ ਵਿਚਹੁ—ਵਿਚੋਂ ਭੰਡਹੁ—ਭੰਡੋਂ
    ਕਪਾਹਹੁ—ਕਪਾਹੋਂ ਅਗਹੁ—ਅਗੋਂ ਸੰਤਹੁ—ਸੰਤੋ
    ਕਰਿਅਹੁ—ਕਰਿਓ ਸਦਿਅਹੁ—ਸਦਿਓ
    ਪਿਆਰਿਹੁ—ਪਿਆਰਿਓ

11. ਕਈ ਵਾਰੀ ਛੋਟੇ ਵਵੇ ਦੀ ਥਾਂ ਔਂਕੜ ਆ ਜਾਂਦਾ ਹੈ। ਜਿਵੇਂ :

    ਸਤ੍ਵ ਦੀ ਥਾਂ ਸਤੁ, ਬਿਸ੍ਵੰਭਰ ਦੀ ਥਾਂ ਬਿਸੁੰਭਰ ਤਤ੍ਵ ਦੀ ਥਾਂ ਤਤੁ,
    ਮਹਤ੍ਵ ਦੀ ਥਾਂ ਮਹਤੁ, ਦ੍ਵਾਰ ਦੀ ਥਾਂ ਦੁਆਰ............ਆਦਿ।

12. ਕਈ ਵਾਰੀ ਹੁਕਮੀ ਭਵਿੱਖਤ, ਮੱਧਮ ਪੁਰਖ, ਇਕਵਚਨ (Imperative mood, Second person, singular) ਵਾਲੇ ਕਿਰਿਆ ਸ਼ਬਦ ਦੇ ਅੰਤ ਵਿਚ ਔਂਕੜ ਆਉਂਦਾ ਹੈ, ਜਿਵੇਂ :

ਚਲੁ—ਤੂੰ ਚਲ ਮੁੰਧੇ ਤੂ 'ਚਲੁ' ਗੁਰ ਕੈ ਭਾਇ॥ (੩੮)

ਪਰੁ—ਤੂੰ ਪਓ ਤਿਸਕੀ ਸਰਨੀ 'ਪਰੁ' ਮਨਾ ਜਿਸੁ ਜੇਵਡੁ ਅਵਰੁ ਨ ਕੋਇ॥ (੪੪)

ਭਜੁ—ਤੂੰ ਭਜ 'ਭਜੁ' ਮਨ ਮੇਰੇ ਏਕੋ ਨਾਮੁ॥ (੧੯੩)

ਇਸੇ ਤਰ੍ਹਾਂ ਉਤਰੁ, ਉਚਰੁ, ਉਧਰੁ, ਆਉ, ਆਖੁ, ਸਉ, ਸੋਉ, ਸਹੁ, ਸਿਖੁ, ਸਮਝੁ, ਸੰਮਲੁ, ਹੋਹੁ, ਹਰੁ, ਕਹੁ, ਕਢੁ, ਖੋਹੁ, ਗਰਬੁ, ਘਤੁ, ਘਟੁ, ਚਾਖੁ, ਚਲੁ, ਚਾਲੁ, ਜੀਉ, ਜਾਗੁ, ਜਾਚੁ, ਜਾਣੁ, ਜਾਨੁ, ਜੋਰੁ, ਜਲੁ, ਜਾਲੁ, ਝੁਰੁ, ਤਾਸੁ, ਤਰੁ, ਤੋਰੁ, ਥੀਉ, ਦੇਖੁ, ਨਿਕਸੁ, ਨਾਚੁ, ਪਉ, ਪੀਓ, ਪਿਖੁ, ਪੇਖੁ, ਪਛਾਣੁ, ਪਛਾਨੁ, ਪਾਪੁ, ਪੜੁ, ਪਰਹਰੁ, ਪਰਫੜੁ, ਬੈਸੁ, ਬਿਸਰੁ, ਬੁਝੁ, ਬੂਝੁ, ਬੀਚਾਰੁ, ਬਿਚਰੁ, ਬਾਚੁ, ਬੈਠੁ, ਬੰਨੁ, ਭਜੁ, ਭੰਨੁ, ਭੁਲੁ, ਭੂਲੁ, ਮਾਗੁ, ਮਿਟੁ, ਮਰੁ, ਮਿਲੁ, ਰਉ, ਰਹੁ, ਰਖੁ, ਰਾਖੁ, ਲਿਖੁ, ਲੂਝੁ, ਵਸੁ, ਵਿਸਾਹੁ, ਵਿਸਰੁ, ਵੇਖੁ, ਵਿਗਸੁ, ਵੇਖੁ, ਵਧੁ।

13. ਗੁਰਬਾਣੀ ਵਿਚ ਕੁਝ ਅਜਿਹੇ ਸ਼ਬਦ ਸਰੂਪ ਮਿਲਦੇ ਹਨ ਜਿਨ੍ਹਾਂ ਦੇ ਪਹਿਲੇ ਜਾਂ ਅੰਤਲੇ ਅੱਖਰ ਨੂੰ ਦੋ ਮਾਤ੍ਰਾਂ ਲਗੀਆਂ ਹੋਈਆਂ ਹਨ, ਜਿਵੇਂ :

ਜੁੋਆਨੀ, ਸੁੋਹੇਲਾ, ਏਕੁੋ, ਬੁੋਲਾਨੁ, ਗੁੋਬਿੰਦ, ਲੁੋਭਾਨ.........ਆਦਿ।

ਅਜੇਹੇ ਸ਼ਬਦਾਂ ਦੇ ਉਚਾਰਨ ਸਮੇਂ ਇਹ ਧਿਆਨ ਰੱਖਣਾ ਹੈ ਕਿ ਇਕ ਮਾਤਰਾ ਸ਼ਬਦ ਦਾ ਮੂਲ ਸਰੂਪ ਕਾਇਮ ਰੱਖਣ ਵਾਸਤੇ ਹੈ, ਤੇ ਦੂਸਰੀ ਸ਼ਬਦ ਦਾ ਪਿੰਗਲ ਅਨੁਸਾਰ **ਕਾਵਿ ਤੋਲ ਪੂਰਾ ਕਰਨ ਲਈ ਹੈ। ਪਾਠ ਕਰਨ ਸਮੇਂ, ਉਹ ਮਾਤ੍ਰਾ ਬੁਲਾਉਣੀ ਹੈ ਜੋ ਕਾਵਿ ਤੋਲ ਪੂਰਾ ਕਰਨ ਲਈ ਹੈ,** ਜਿਵੇਂ 'ਜੁੋਆਨੀ' ਸ਼ਬਦ ਵਿਚ ਮੂਲ ਸਰੂਪ ਔਂਕੜ ਨਾਲ 'ਜੁਆਨੀ' ਹੈ, ਪਰ ਉਚਾਰਨ ਹੋੜੇ ਨਾਲ ਜੋਆਨੀ ਕਰਾਂਗੇ। ਪਰੰਤੂ ਸ਼ਬਦ 'ਗੁੋਬਿੰਦ' ਦਾ ਮੂਲ ਸਰੂਪ 'ਗੋਬਿੰਦ' ਹੋੜੇ ਨਾਲ ਹੈ ਪਰ ਉਚਾਰਨ ਔਂਕੜ ਨਾਲ 'ਗੁਬਿੰਦ' ਕਰਾਂਗੇ। ਸੋ 'ਦੋ ਮਾਤ੍ਰਾ' ਵਰਤ ਕੇ ਗੁਰੂ ਸਾਹਿਬ ਜੀ ਨੇ ਸ਼ਬਦ ਦਾ ਮੂਲ ਸਰੂਪ ਵੀ ਕਾਇਮ ਰਖਿਆ ਹੈ ਤੇ ਕਾਵਿ ਤੋਲ ਵੀ ਪੂਰਾ ਰਖਿਆ ਹੈ।

ਇਸ ਨਿਯਮ ਅਨੁਸਾਰ :

ਸੁੋਹੇਲਾ ਦਾ ਉਚਾਰਨ	ਸੋਹੇਲਾ	ਹੋਵੇਗਾ।
ਏਕੁੋ ਦਾ ਉਚਾਰਨ	ਏਕੋ	ਹੋਵੇਗਾ।
ਬੁੋਲਾਨੁ ਦਾ ਉਚਾਰਨ	ਬੁਲਾਨ	ਹੋਵੇਗਾ।
ਲੁੋਭਾਨ ਦਾ ਉਚਾਰਨ	ਲੁਭਾਨ	ਹੋਵੇਗਾ।

14. ਲਹਿੰਦੀ (ਪੱਛਮੀ) ਪੰਜਾਬੀ ਦੇ ਵਰਤੇ ਗਏ ਕ੍ਰਿਆਵਾਚੀ ਸ਼ਬਦ ਜਿਹਨਾਂ ਦੇ ਅੰਤਲੇ ਅੱਖਰ 'ਮੁ' ਨੂੰ ਔਂਕੜ ਲਗਾ ਹੁੰਦਾ ਹੈ ਉਹ, ਉਤਮ ਪੁਰਖ, ਇਕ

ਵਚਨ (Ist person singular) ਭੂਤ ਕਾਲ, (past) ਦੇ ਲਖਾਇਕ ਹੁੰਦੇ ਹਨ। ਜਿਵੇਂ :

ਲਧਮੁ—ਮੈਂ ਲੱਧਾ ਬਨਿ ਭੀਹਾਵਲੈ ਹਿਕੁ ਸਾਥੀ '**ਲਧਮੁ**'
ਦੁਖ ਹਰਤਾ ਹਰਿ ਨਾਮਾ॥ (੫੧੯)

ਡਿਠਮੁ—ਮੈਂ ਡਿਠਾ ਤੈਡੇ ਸਿਮਰਣਿ ਹਭੁ ਕਿਛੁ ਲਧਮੁ, ਬਿਖਮੁ ਨ '**ਡਿਠਮੁ**'
ਕੋਈ॥ (੫੨੦)

ਦਿਸਮੁ—ਮੈਨੂੰ ਦਿਸਿਆ ਪੇਖੰਦੜੋ ਕੀ ਭੁਲੁ ਤੁੰਮਾ '**ਦਿਸਮੁ**' ਸੋਹਣਾ॥ (੭੦੮)

ਤਾਰਿਅਮੁ—ਮੈਨੂੰ ਤਾਰਿਆ ਭਉਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ '**ਤਾਰਿਅਮੁ**'॥
(੭੧੦)

15. ਜੋ ਕ੍ਰਿਆਵਾਚੀ ਸ਼ਬਦ 'ਸੁ' ਨਾਲ ਸਮਾਪਤ ਹੁੰਦੇ ਹਨ, ਉਹਨਾਂ ਦੇ ਅਰਥ ਤੀਜੇ ਪੁਰਖ ਇਕ ਵਚਨ (IIIrd person singular) ਭੂਤ ਕਾਲ (past) ਵਿਚ ਕੀਤੇ ਜਾਂਦੇ ਹਨ। ਜਿਵੇਂ :

ਸੁਧੋਸੁ—ਉਸ ਨੂੰ ਸੋਧਿਆ, ਪਰਖਿਆ। ਜਾਂ **ਸੁਧੋਸੁ** ਤਾ ਲਹਣਾ ਟਿਕਿਓਨੁ॥
(੯੬੭)

ਦਿਤੋਸੁ—ਉਸਨੂੰ ਦਿਤਾ। ਸਹਿ ਟਿਕਾ **ਦਿਤੋਸੁ** ਜੀਵਦੈ॥ (੯੬੬)

ਇਸੇ ਤਰ੍ਹਾਂ ਰਹਿਓਸੁ, ਪਈਸੁ ਆਦਿ।

ਬਹੁਵਚਨ (ਇਸਤਰੀ ਲਿੰਗ)

ਸਭੇ ਧਿਰਾਂ **ਨਿਖੁਟੀਅਸੁ** ਹਿਰਿ ਲਈਅਸੁ ਧਰ ਤੇ॥ (੩੧੭)

ਨਿਖੁਟੀਅਸ—ਉਸ ਸਭੇ ਧਿਰਾਂ ਨਿਖੁਟੀਆਂ॥

16. (ੳ) ਪੜਨਾਂਵ, ਇਕ ਵਚਨ, ਜਿਸੁ, ਤਿਸੁ, ਕਿਸੁ, ਇਸੁ ਭਾਵੇਂ ਕਿਸੇ ਪੁਲਿੰਗ ਨਾਂਵ ਦੇ ਥਾਂ ਵਰਤੇ ਜਾਣ ਭਾਵੇਂ ਇਸਤ੍ਰੀ ਲਿੰਗ ਨਾਂਵ ਦੇ ਥਾਂ, ਇਹਨਾਂ ਦਾ ਅੰਤਲਾ ਔਂਕੜ (ੁ) ਕਾਇਮ ਰਹਿੰਦਾ ਹੈ।

ਪੁਲਿੰਗ **ਕਿਸੁ** ਵੇਖਾ ਨਾਹੀ ਕੋ ਦੂਜਾ॥ (੮੩੨)

ਨਾਂਵ ਦੇ ਥਾਂ ਜਿਸੁ ਰਾਖੈ ਤਿਸੁ ਕੋਇ ਨ ਮਾਰੈ॥ (ਸੁਖਮਨੀ)

ਇਸਤ੍ਰੀ ਲਿੰਗ **ਜੋ ਇਸੁ** ਮਾਰੇ ਸੋਈ ਸੂਰਾ॥

ਨਾਂਵ ਦੇ ਥਾਂ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ॥ (੨੩੭)

ਇਥੇ ਪੜਨਾਂਵ 'ਇਸੁ', ਲਫਜ਼ ਦੁਬਿਧਾ ਵਾਸਤੇ ਵਰਤਿਆ ਗਿਆ ਹੈ ਜੋ ਇਸਤ੍ਰੀ ਲਿੰਗ ਹੈ।

(ਅ) ਪਰੰਤੂ ਇਹਨਾਂ ਪੜਨਾਵਾਂ ਨਾਲ ਜੇ ਕੋਈ ਸੰਬੰਧਕ (ਕਾ, ਕੇ, ਕੀ, ਦਾ, ਦੇ, ਦੀ, ਕੈ, ਦੈ, ਤੇ, ਕਉ, ਨਉ ਅਤੇ ਨੋ ਵਿਚੋਂ ਵਰਤਿਆ ਜਾਏ ਤਾਂ ਇਹਨਾਂ ਦਾ ਅੰਤਲਾ ਔਂਕੜ ਲੱਥ ਜਾਂਦਾ ਹੈ।

ਜਿਸ ਕਉ ਸਤਿਗੁਰੁ ਮੇਲਿ ਮਿਲਾਏ ਤਿਸੁ ਚੂਕਾ ਜਮ ਭੈ ਭਾਰਾ ਹੇ॥ (੧੦੩੦)

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ॥ (੭੮੪)
ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ (੬੧੦)
ਬੁਰਾ ਭਲਾ ਕਹੁ **ਕਿਸ** ਨੋ ਕਹੀਐ ਸਗਲੇ ਜੀਅ ਤੁਮ੍ਾਰੇ॥ (੩੮੩)
ਤਿਸ ਦਾ ਕੁਠਾ ਹੋਵੈ ਸੇਖੁ॥ (੯੫੧)
ਜਿਸ ਨਉ ਆਪਿ ਦਇਆਲੁ ਹੋਇ ਸੁ ਗੁਰਮੁਖਿ ਨਾਮਿ ਸਮਾਇ॥ (੨੭)
ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ॥ (੧੦੬੭)

(ੲ) ਪਰ ਜਦੋਂ ਇਹ ਸ਼ਬਦ ਪੜਨਾਂਵੀ ਵਿਸ਼ੇਸ਼ਣ ਹੋਣ ਤਦੋਂ ਕਾ ਕੇ ਆਦਿਕ ਦੇ ਵਰਤਿਆਂ ਭੀ ਇਹਨਾਂ ਦਾ ਅੰਤਲਾ ਔਂਕੜ ਨਹੀਂ ਹਟਦਾ। ਤਦੋਂ ਇਨ੍ਹਾਂ ਸੰਬੰਧਕਾਂ ਦਾ ਅਸਰ ਕੇਵਲ ਉਸ ਨਾਂਵ ਤਾਈਂ ਹੀ ਰਹਿ ਜਾਂਦਾ ਹੈ, ਜਿਸ ਦੇ ਨਾਲ ਇਹ ਵਰਤੇ ਜਾਂਦੇ ਹਨ।

(੧) **ਇਸੁ ਮਨ ਤੇ**, **ਸਭ** ਪਿੰਡ ਪਰਾਣਾ॥ (੧੧੨੯)

ਇਸ ਤੁਕ ਵਿਚ 'ਮਨ' ਜੇ ਨਾਲ ਸੰਬੰਧਕ 'ਤੇ' ਵਰਤਿਆ ਗਿਆ ਹੈ। ਮਨ ਦੇ 'ਨ' ਨੂੰ ਲੱਗੀ ਔਂਕੜ ਲੱਥ ਗਈ ਹੈ ਪਰ 'ਇਸੁ' ਦੇ 'ਸ' ਨੂੰ ਲੱਗੀ ਔਂਕੜ ਨਹੀਂ ਲੱਥੀ।

(੨) ਤਿਸੁ **ਜਨ ਕਉ**, ਮਨੁ ਤਨੁ ਸਭੁ ਦੇਵਉ ਜਿਨਿ ਹਰਿ ਹਰਿ ਨਾਮੁ ਸੁਨਾਇਓ॥ (੭੧੯)

(੩) ਜਿਸੁ **ਧਨ ਕਾ**, ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ॥ (੧੨੦੦)

ਤੁਕ ਨੰਬਰ (੨) ਤੇ (੩) ਵਿਚ ਜਨ ਤੇ ਧਨ ਦੀ ਔਂਕੜ ਲੱਥ ਗਈ ਹੈ ਪਰ ਤਿਸੁ, ਜਿਸੁ ਦੀ ਨਹੀਂ ਲੱਥੀ।

(ਸ) ਜੇ ਕਰ ਇਹਨਾਂ ਪੜਨਾਵਾਂ ਨਾਲ, ਕਾ ਕੇ ਕੀ, ਦਾ ਦੇ ਦੀ, ਕੈ ਦੈ ਤੇ, ਕਉ ਨਉ ਅਤੇ ਨੋ, ਤੋਂ ਬਿਨਾਂ ਹੋਰ ਸੰਬੰਧਕ ਆਉਣ ਤਾਂ ਵੀ ਇਹਨਾਂ ਦਾ ਔਂਕੜ ਨਹੀਂ ਲਥਦਾ।

ਘਰ ਮੰਦਰ ਹਟ ਨਾਲੇ ਸੋਹੇ, **ਜਿਸੁ ਵਿਚਿ** ਨਾਮੁ ਨਿਵਾਸੀ ਰਾਮ॥ (੭੮੩)
ਜਿਸੁ ਊਪਰਿ ਹੋਵਤ ਦਇਆਲੁ॥ (੮੦੭)
ਤਿਸੁ ਨਾਲਿ ਕਿਆ ਚਲੈ ਪਹਨਾਮੀ॥ (੮੩੨)

(ਹ) ਔਵਿਐ 'ਹੀ' ਦੇ ਨਾਲ ਇਹਨਾਂ ਪੜਨਾਵਾਂ ਦਾ ਅੰਤਲਾ ਔਂਕੜ ਲੱਥ ਜਾਂਦਾ ਹੈ।

ਕਿਸ ਹੀ ਬੁਤੈ ਜਬਾਬੁ ਨ ਹੋਈ॥ (੧੦੮੨)
ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ॥ (੨੭)

ਨੋਟ : ਜਿਤੁ, ਤਿਤੁ, ਪੜਨਾਂਵੀ ਵਿਸ਼ੇਸ਼ਣ ਸਦਾ ਔਂਕੜ ਸਹਿਤ ਹੀ ਆਉਂਦੇ ਹਨ।

ਦੁਲੈਂਕੜੇ

1. ਲਹਿੰਦੀ ਪੰਜਾਬੀ ਦੇ ਕਿਸੇ ਨਾਂਵ ਨਾਲ ਜਦੋਂ ਸੰਬੰਧਕੀ ਪਦ ਅੰਦਰਿ ਕੂੰ, ਜੇਡੁ, ਤੇ, ਆਦਿ ਵਰਤਿਆ ਜਾਣਾ ਹੋਵੇ ਤਾਂ ਦੁਲੈਂਕੜ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ :

ਵਸਤੂ — **ਵਸਤੂ** ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥ (੪੭੪)

ਜਿੰਦੂ — ਸਾਹੇ ਲਿਖੇ ਨ ਚਲਨੀ **ਜਿੰਦੂ ਕੂੰ** ਸਮਝਾਇ॥ (੧੩੭੭)

ਖਾਕੂ — ਫਰੀਦਾ ਖਾਕੁ ਨ ਨਿੰਦੀਐ **ਖਾਕੂ ਜੇਡੁ** ਨ ਕੋਇ॥ (੧੩੭੮)

ਓਹੁ ਖਿਨ ਮਹਿ ਰੁਲਤਾ **ਖਾਕੂ** ਨਾਲਿ॥ (੮੬੮)

ਸਸੂ — **ਸਸੂ** ਤੇ ਪਿਰਿ ਕੀਨੀ ਵਾਖਿ॥ (੩੭੦)

ਪਿਯੂ — **ਪਿਯੂ** ਦਾਦੇ ਜੇਵਿਹਾ ਪੋਤਾ ਪਰਵਾਣੁ॥ (੯੬੮)

2. ਦੁਲੈਂਕੜੇ ਸੰਬੰਧਕੀ ਅਰਥਾਂ ਵਿਚ ਵੀ ਵਰਤੇ ਗਏ ਹਨ।

ਖੇਹੂ—ਖੇਹ ਵਿਚ — ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ॥ (੬੩)

3. ਕਈ ਵਾਰ ਦੁਲੈਂਕੜੇ ਹੋੜੇ ਦੀ ਥਾਂ ਵਰਤੇ ਗਏ ਹਨ। ਜਿਵੇਂ :

ਅਸੁਲੂ—(ਅਸਲੋਂ) ਸਹਸ ਅਠਾਰਹ ਕਹਨਿ ਕਤੇਬਾ 'ਅਸੁਲੂ' ਇਕੁ ਧਾਤੁ॥ (੫)

ਜਿਦੂ—ਜਿਦੋਂ — **ਜਿਦੂ** ਕਿਛੁ ਗੁਝਾ ਨ ਹੋਇ॥

ਕੂ—ਕੋ — ਫਰੀਦਾ ਮੈਂ ਜਾਨਿਆ ਦੁਖੁ ਮੁਝ **ਕੂ** ਦੁਖੁ ਸਬਾਇਐ ਜਗਿ॥ (੧੩੮੨)

4. ਨਾਵਾਂ ਨਾਲ ਲੱਗੇ ਦੁਲੈਂਕੜਿਆਂ ਵਿਚੋਂ ਕਾਰਕੀ ਅਤੇ ਸੰਬੰਧਕੀ ਅਰਥ ਨਿਕਲਦੇ ਹਨ:

ਮਾਊ ਪਿਊ—ਮਾਂ ਪਿਉ ਦੀ — **ਮਾਊ ਪੀਊ** ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥

ਭਸੂ—ਸੁਆਹ ਨਾਲ — ਜਾ ਜੀਉ ਵਿਚਹੁ ਕਢੀਐ **ਭਸੂ** ਭਰਿਆ ਜਾਇ॥ (੧੨੪੦)

5. ਉਤਮ ਪੁਰਖ ਇਕ ਵਚਨ ਵਾਲੇ ਵਾਕਾਂ ਵਿਚ ਕ੍ਰਿਆਵਾਚੀ ਸ਼ਬਦਾਂ ਦੇ ਅੰਤ ਵਿਚ ਲੱਗੇ ਦੁਲੈਂਕੜਿਆਂ ਵਿਚੋਂ ਹੇਠ ਲਿਖੇ ਅਨੁਸਾਰ ਅਰਥ ਨਿਕਲਦੇ ਹਨ :

ਨ ਦੇਊ—ਮੈਂ ਨਹੀਂ ਦੇਂਦਾ — ਦਦੈ ਦੋਸੁ ਨ **ਦੇਊ** ਕਿਸੈ ਦੋਸੁ ਕਰੰਮਾ ਆਪਣਿਆ॥ (੪੩੩)

ਨ ਜਾਨਊ—ਮੈਂ ਨਹੀਂ ਜਾਣਦਾ — ਸੇਵਾ ਕਛੂ ਨ **ਜਾਨਊ** ਨੀਚੁ ਮੂਰਖਾਰੇ॥ (੮੦੯)

ਨ ਜੀਵਊ—ਮੈਂ ਨਹੀਂ ਜੀਊਂਦਾ ਖਿਨੁ ਪਲੁ ਘੜੀ ਨ '**ਜੀਵਊ**' ਬਿਨੁ ਦੇਖੇ ਮਰਾਂ ਮਾਇ॥ (੧੨੪੮)

ਅਜੇਹੇ ਸ਼ਬਦਾਂ ਦਾ ਉਚਾਰਨ ਬਿੰਦੇ ਨਾਲ ਦੇਊਂ, ਜਾਨਊਂ, ਜੀਵਊਂ ਹੋਵੇਗਾ।

ਸਿਹਾਰੀ (ਿ)

1. ਸਿਹਾਰੀ ਦੀ ਬਹੁਤ ਵਰਤੋਂ ਸੰਬੰਧਕੀ ਪਦਾਂ (Preposition) ਦੇ ਅੰਤਲੇ ਅੱਖਰਾਂ ਨਾਲ ਕੀਤੀ ਗਈ ਹੈ, ਜਿਵੇਂ ਕਿ ਵਿਚਿ, ਊਪਰਿ, ਨਾਲਿ, ਅੰਤਰਿ, ਬਾਹਰਿ, ਸੰਗਿ, ਵਲਿ, ਮਹਿ, ਪਾਸਿ, ਪਾਰਿ, ਨਿਕਟਿ, ਬਰਾਬਰਿ, ਹੇਠਿ, ਅੰਦਰਿ, ਸਾਥਿ, ਨਜੀਕਿ, ਤੁਲਿ, ਸਿਰਿ, ਭੀਤਰਿ, ਬੀਚਿ, ਮੰਝਾਰਿ, ਮਾਹਿ, ਅੰਤਿ, ਵਲਿ ਆਦਿ।

ਵਿਚਿ ਭੈ '**ਵਿਚਿ**' ਸੂਰਜੁ ਭੈ '**ਵਿਚਿ**' ਚੰਦੁ॥ (੪੬੪)

ਅੰਦਰਿ ਹੁਕਮੈ '**ਅੰਦਰਿ**' ਸਭੁ ਕੋ, '**ਬਾਹਰਿ**' ਹੁਕਮ ਨ ਕੋਇ॥ (੧)

ਸੰਗਿ ਭਰੀਐ ਮਤਿ ਪਾਪਾ ਕੈ '**ਸੰਗਿ**'॥ (੪)

ਨਾਲਿ ਮੂਰਖੈ '**ਨਾਲਿ**' ਨ ਲੁਝੀਐ॥ (੪੭੩)

2. (ੳ) ਸ਼ਬਦਾਂ ਨੂੰ ਇਸਤ੍ਰੀ ਲਿੰਗ ਦਰਸਾਉਣ ਲਈ ਅੰਤਲੇ ਅੱਖਰ ਨਾਲ ਸਿਹਾਰੀ ਦੀ ਵਰਤੋਂ ਕੀਤੀ ਗਈ ਹੈ। ਜਿਵੇਂ ਭੰਡਾਰਣਿ, ਅਹਰਣਿ, ਸੋਹਾਗਣਿ, ਪਰਦੇਸਨਿ, ਕਲਾਲਨਿ, ਬੈਰਨਿ, ਮਾਲਨਿ, ਬਨਜਾਰਨਿ, ਬੈਰਾਗਨਿ, ਸਾਹਨਿ, (ਸ਼ਾਹਣੀ) ਸਾਪਨਿ, ਪੜੋਸਣਿ, ਸਉਕਨਿ, ਗੀਹਨਿ, ਤੇਜਣਿ, ਦੁਹਚਾਰਣਿ, ਕਾਮਣਿ, ਤਰੁਣਿ, ਰੈਣਿ, ਪ੍ਰਭਾਤਿ।

ਕਾਮਣਿ—ਇਸਤ੍ਰੀ ਗੁਣ ਕਾਮਣ, **ਕਾਮਣਿ** ਕਰੈ ਤਉ ਪਿਆਰੇ ਕਉ ਪਾਵੈ॥

ਇਸ ਤੁਕ ਵਿਚ ਸ਼ਬਦ '**ਕਾਮਣ**' ਜੋ ਸਿਹਾਰੀ ਤੋਂ ਬਿਨਾਂ ਹੈ, ਦੇ ਅਰਥ ਹਨ **ਤਵੀਤ** ਜਾਂ ਟੂਣੇ ਵਾਲੇ ਧਾਗੇ। ਇਹ ਬਹੁਵਚਨ ਹੈ। ਅਤੇ 'ਕਾਮਣਿ' ਜੋ ਸਿਹਾਰੀ ਸਹਿਤ ਹੈ ਦਾ ਅਰਥ ਹੈ **ਇਸਤਰੀ**। ਤੁਕ ਦੇ ਅਰਥ ਹਨ, ਜੇ ਇਸਤ੍ਰੀ ਗੁਣਾਂ ਦੇ ਤਵੀਤ ਬਣਾਏ ਤਾਂ ਪਿਆਰੇ ਨੂੰ ਪਾ ਸਕਦੀ ਹੈ।

ਜੈਸੀ '**ਤਰੁਣਿ**' ਭਤਾਰ ਉਰਝੀ ਪਿਰਹਿ ਸਿਵੈ, ਇਹੁ ਮਨੁ ਲਾਲ ਦੀਜੈ॥ (੪੫੫)

ਇਥੇ ਤਰੁਣਿ ਦਾ ਅਰਥ ਇਸਤ੍ਰੀ ਹੈ।

'**ਤਰਣੁ**' ਦੁਹੇਲਾ ਭਇਆ ਖਿਨ ਮਹਿ ਖਸਮ ਚਿਤਿ ਨ ਆਇਓ॥ (੪੬੦)

ਇਥੇ 'ਤਰਣੁ' ਦਾ ਭਾਵ 'ਤਰਨਾ' ਹੈ।

'**ਤਰੁਣ**' ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ॥ (੯੩)

ਇਥੇ 'ਤਰੁਣ' ਦਾ ਅਰਥ ਜਵਾਨੀ ਹੈ।

(ਅ) (ੳ) ਤੋਂ ਛੁਟ ਕੁਝ ਹੋਰ ਸ਼ਬਦ ਹੇਠਾਂ ਦਿੰਦੇ ਹਾਂ ਜੋ ਇਸਤਰੀ ਲਿੰਗ ਹਨ ਤੇ ਸਿਹਾਰੀ ਅੰਤ ਹੈ।

ਬੇਲਿ, ਵੇਲਿ, ਦਾਲਿ, ਪਾਲਿ, ਭੀਤਿ, ਕਰਤੂਤਿ, ਦਾਤਿ, ਤਪਤਿ, ਛੋਤਿ, ਮਸੀਤਿ, ਰੁਤਿ, ਹਟਤਾਰਿ, ਲਬਧਿ, ਨਦਰਿ, ਖਬਰਿ, ਡੋਰਿ, ਵੈਾਰਿ, ਵਾੜਿ, ਭਸਮੜਿ, ਜੁਗਤਿ, ਧੁਨਿ, ਭੂਮਿ, ਧਰਤਿ, ਪ੍ਰੀਤਿ, ਰੀਤਿ, ਦ੍ਰਿਸਟਿ, ਜੂਠਿ, ਰਿਧਿ, ਨਿਧਿ ਆਦਿ।

ਇਸੇ ਤਰ੍ਹਾਂ ਫਾਰਸੀ ਤੇ ਅਰਬੀ ਭਾਸ਼ਾ ਚੋਂ ਆਏ ਇਸਤ੍ਰੀ ਲਿੰਗ ਸ਼ਬਦ ਅਕਲਿ, ਇਲਤਿ, ਸਿਫਤਿ, ਸਾਬਾਸਿ, ਸਾਬਤਿ, ਸਲਾਮਤਿ, ਕੁਦਰਤਿ, ਕਰਾਮਾਤਿ, ਖੈਰਿ, ਜਰੂਰਤਿ, ਨਦਰਿ, ਫੁਰਮਾਇਸਿ, ਬਰਾਬਰਿ, ਮਸਲਤਿ, ਹਕੀਕਤਿ, ਆਦਿ ਸਿਹਾਰੀ ਅੰਤ ਹਨ।

ਸੰਸਕ੍ਰਿਤ ਚੋਂ ਆਏ ਇਸਤ੍ਰੀ ਲਿੰਗ ਸ਼ਬਦ ਉਸਤਤਿ, ਸੰਗਤਿ, ਸੁਚਿ, ਸਿਧਿ, ਸ੍ਰਿਸਟਿ, ਸਰਣਿ, ਕੀਟਿ, ਕੰਠਿ, ਕਿਰਤਿ, ਜਾਤਿ, ਜੁਗਤਿ, ਤ੍ਰਿਪਤਿ, ਦ੍ਰਿਸਟਿ, ਨਾਰਿ, ਬਿਭੂਤਿ, ਭੂਮਿ, ਮੂਰਤਿ, ਰੀਤਿ, ਰਿਧਿ, ਆਦਿ ਸਿਹਾਰੀ ਅੰਤ ਹਨ।

3. ਕਈ ਵੇਰ ਜਦ ਵਿਸ਼ੇਸ਼ਣੀ ਪਦ ਇਸਤ੍ਰੀ ਲਿੰਗ ਵਾਲੇ ਨਾਂਵ ਕਰਕੇ ਵਰਤੇ ਜਾਂਦੇ ਹਨ; ਤਾਂ ਭੀ ਅੰਤ ਵਿਚ ਸਿਹਾਰੀ ਆਉਂਦੀ ਹੈ, ਯਥਾ :

ਬੇਪੀਰਿ : ਸੁਨਿ ਅੰਧਲੀ ਲੋਈ **ਬੇਪੀਰਿ**॥ (੮੭੧)

ਸੁੰਦਰਿ, ਸੁਜਾਣਿ, ਚਤੁਰਿ : **ਸੁੰਦਰਿ ਸੁਜਾਣਿ ਚਤੁਰਿ** ਬੇਤੀ ਸਾਸ ਬਿਨੁ ਜੈਸੇ ਤਨਾ॥ (੯੨੮)

ਚੰਚਲਿ : **ਚੰਚਲਿ** ਸੰਗਿ ਨ ਚਾਲਤੀ ਸਖੀਏ ਅੰਤਿ ਤਜਿ ਜਾਵਤ ਮਾਇਆ॥ (੮੦੩)

ਇਸੇ ਪ੍ਰਕਾਰ ਸੁਘਰਿ, ਨਿਰਗੁਨਿ, ਪਰਧਾਨਿ, ਕੁਰੂਪਿ, ਸਰੂਪਿ, ਸੇਵਨਿ ਆਦਿ ਜਦੋਂ ਇਸਤਰੀ ਲਿੰਗ ਨਾਂਵ ਦੇ ਤੌਰ ਤੇ ਵਰਤੇ ਜਾਂਦੇ ਹਨ ਤਾਂ ਸਿਹਾਰੀ ਅੰਤ ਆਉਂਦੇ ਹਨ।

4. ਗੁਰਬਾਣੀ ਵਿਚ ਸਿਹਾਰੀ ਤੋਂ ਸੰਬੰਧਕੀ ਪਦਾਂ (Prepositions) ਅਤੇ ਕਾਰਕਾਂ ਦੇ ਅਰਥ ਨਿਕਲਦੇ ਹਨ।

ਸੋ ਜਨੁ ਹਮਰੈ '**ਮਨਿ**' '**ਚਿਤਿ**' ਭਾਵੈ॥ (ਮਨ ਵਿਚ, ਚਿਤ ਵਿਚ) (੧੬੪)

ਕਾਹੂ '**ਜੁਗਤਿ**' ਕਿਤੈ ਨ ਪਾਈਐ '**ਧਰਮਿ**'॥ (ਜੁਗਤੀ ਦੁਆਰਾ, ਫਿਰਕੇ ਰਾਹੀਂ) (੨੭੪)

ਜਿਉ '**ਸਾਬੁਨਿ**' ਕਾਪਰ ਊਜਲ ਹੋਤ॥ (ਸਾਬਣ ਨਾਲ) (੯੧੪)

'**ਗੁਰਹਿ**' ਦਿਖਾਇਓ ਲੋਇਨਾ॥ (ਗੁਰੂ ਨੇ) (੪੦੭)

'**ਪਿਰਹਿ**' ਬਿਹੂਨ ਕਤਹਿ ਸੁਖੁ ਪਾਏ॥ (ਪਿਰ ਤੋਂ) (੭੯੪)

'ਦਰਿ' ਸਚੈ ਸਦ ਸੋਭਾ ਪਾਏ॥ (ਦਰ ਉਤੇ) (੮੪੧)
ਨੰਗਾ **'ਦੋਜਕਿ'** ਚਾਲਿਆ ਤਾ ਦਿਸੈ ਖਰਾ ਡਰਾਵਣਾ॥ (ਦੋਜਕ ਨੂੰ) (੪੭੧)
ਜਿਉ ਦੂਧ **'ਜਲਹਿ'** ਸੰਜੋਗੁ॥ (ਜਲ ਦਾ) (੮੩੮)

5. ਸਿਹਾਰੀ ਪੂਰਬ-ਪੂਰਨ ਕਾਰਦੰਤਕ (Conjunctive participle) ਦੇ ਧਾਤੂ ਸ਼ਬਦ ਦੇ ਅੰਤ ਵਿਚ ਭੀ ਆਇਆ ਕਰਦੀ ਹੈ। ਅਰਥਾਤ, ਜਿਸ ਸ਼ਬਦ ਦੇ ਅਰਥ ਹੋਣ, ਅਮਕਾ ਕੰਮ ਕਰਕੇ, ਉਸਦੇ ਅੰਤ ਵਿਚ ਸਿਹਾਰੀ ਆਉਂਦੀ ਹੈ।

ਧਰਿ—ਧਰ ਕੇ **'ਧਰਿ'** ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥ (੪੭੦)
ਸੁਣਿ ਸੁਣਿ—ਸੁਣ ਸੁਣ ਕੇ **ਸੁਣਿ ਸੁਣਿ** ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ॥ (੪੦੬)
ਡਰਿ ਡਰਿ—ਡਰ ਡਰ ਕੇ **ਡਰਿ ਡਰਿ** ਪਚੇ ਮਨਮੁਖ ਵੇਚਾਰੇ॥ (੬੭੭)
ਫਿਰਿ ਘਿਰਿ—(ਫਿਰ ਘਿਰ ਕੇ) **ਫਿਰਿ ਘਿਰਿ** ਅਪੁਨੇ ਗ੍ਰਿਹ ਮਹਿ ਆਇਆ॥ (੯੭)
ਬੋਲ—ਬੋਲ ਕੇ ਕੂੜੁ **ਬੋਲਿ** ਕਰਹਿ ਆਹਾਰੁ॥ (੪੭੧)

6. ਕ੍ਰਿਆਵਾਚੀ ਸ਼ਬਦਾਂ ਨੂੰ ਲੱਗੀ ਸਿਹਾਰੀ, ਹੁਕਮ, ਬੇਨਤੀ, ਜਾਂ ਉਸਤਤਿ ਭਾਵ ਦੇ ਅਰਥਾਂ ਦੀ (Imperative mood) ਸੂਚਕ ਹੁੰਦੀ ਹੈ। ਇਹ ਸੰਬੰਧਕੀ ਜਾਂ ਕਾਰਕੀ ਅਰਥ ਨਹੀਂ ਦੇਂਦੀ।

ਏਕੋ **'ਚੇਤਿ'** ਗਵਾਰ ਕਾਜਿ ਤੇਰੈ ਆਵਈ॥ (ਯਾਦ ਕਰ) (੧੩੬੩)
'ਕਰਿ' ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥ (ਸਾਧ ਸੰਗਤ ਕਰ) (੬੩੧)
ਏਕੋ **'ਸਿਮਰਿ'** ਨ ਦੂਜਾ ਭਾਉ॥ (ਸਿਮਰਨ ਕਰੋ) (੧੯੯)
ਜਪਿ, ਜਨ ਸਦਾ ਸਦਾ ਦਿਨੁ ਰੈਣੀ॥ (ਤੂੰ ਜਪ) (੨੮੩)
ਮਨ ਮੇਰੇ, ਤਿਨਿ ਕਿ ਓਟ **ਲੇਹਿ**॥ (ਤੂੰ ਲੈ) (੨੮੬)
ਮਨੁ ਤਨੁ ਅਪਨਾ ਤਿਨ ਜਨ **ਦੇਹਿ**॥ (ਤੂੰ ਦੇਹ) (੨੮੬)

7. ਨਿਸਚਿਤ ਸੰਖਿਅਕ ਵਿਸ਼ੇਸ਼ਣਾਂ ਦੇ ਅੰਤਲੇ ਅੱਖਰਾਂ ਨਾਲ ਸਿਹਾਰੀ ਆਉਂਦੀ ਹੈ। ਜਿਵੇਂ:

'ਦੁਇ' ਦਿਨ **'ਚਾਰਿ'** ਸੁਹਾਵਣਾ ਮਾਟੀ ਤਿਸ ਖਾਵੈ॥ (ਦੁਇ, ਚਾਰਿ) (੧੦੧੨)
'ਤੀਨਿ' ਸੇਰ ਕਾ ਦਿਹਾੜੀ ਮਿਹਮਾਨੁ॥ (ਤੀਨਿ) (੩੭੪)
ਕਈ 'ਕੋਟਿ' ਹੋਇ ਪੂਜਾਰੀ॥ (ਕੋਟਿ-ਕਰੋੜਾ) (੨੭੫)
'ਕਰੋੜਿ' ਹਸਤ ਤੇਰੀ ਟਹਲ ਕਮਾਵਹਿ

ਚਰਣ ਚਲਹਿ ਪ੍ਰਭ ਮਾਰਗਿ ਰਾਮ॥ (ਕਰੋੜਿ) (੭੮੧)

'ਅਠਸਠਿ' ਤੀਰਥ ਮਜਨੁ ਕੀਆ ਸਤਸੰਗਤਿ ਪਗ ਨਾਏ ਧੂਰਿ॥ (ਸਠਿ) (੧੧੯੮)

'ਸਤਰਿ' ਸੈਇ ਸਲਾਰ ਹੈ ਜਾ ਕੇ॥ (ਸਤਰਿ) (੧੧੬੧)

ਨੋਟ : (ੳ) ਸੰਖਿਅਕ ਵਿਸ਼ੇਸ਼ਣ 'ਲਾਖੁ' ਬਹਵਚਨ ਹੁੰਦਿਆਂ ਭੀ ਸਦਾ ਔਂਕੜ ਸਹਿਤ ਹੀ ਰਹਿੰਦਾ ਹੈ। ਜਿਵੇਂ ਇਹ ਇਕਵਚਨ ਹੁੰਦਾ ਹੈ :

ਸਵਾ **'ਲਾਖੁ'** ਪੈਕਾਬਰ ਤਾ ਕੇ॥ (ਲਾਖੁ) (੧੧੬੧)

(ਅ) 'ਬਾਰ੍ਹਾਂ' ਵਾਸੇ, ਵਿਸ਼ੇਸ਼ਣ 'ਬੇਦਸ' ਵਰਤਿਆ ਗਿਆ ਹੈ।

(ੲ) **'ਛੇ'** ਵਾਸਤੇ **'ਛਿਅ'**, **'ਖਟੁ'** ਅਤੇ **'ਖਟ'** ਰੂਪ ਮਿਲਦੇ ਹਨ।

8. ਸੰਖਿਅਕ ਅਨਿਸਚਿਤ ਪੜਨਾਵਾਂ ਜਾਂ ਵਿਸ਼ੇਸ਼ਣਾਂ ਦੇ ਅੰਤਲੇ ਅੱਖਰ ਨੂੰ ਲੱਗੀ ਸਿਹਾਰੀ ਬਹੁਵਚਨੀ ਅਰਥਾਂ ਦੀ ਸੂਚਕ ਹੁੰਦੀ ਹੈ, ਜਿਵੇਂ :

ਇਕਿ—(ਕਈ) **'ਇਕਿ'** ਘਰਿ ਆਵਹਿ ਆਪਣੈ **'ਇਕਿ'** ਮਿਲਿ ਮਿਲਿ ਪੁਛਹਿ ਸੁਖ॥ (੪੧੭)

ਹਿਕਿ—(ਕਈ) ਹਿਕਨੀ ਲਦਿਆ **ਹਿਕਿ** ਲਦਿ ਗਏ, **ਹਿਕਿ** ਭਾਰੇ ਭਰ ਨਾਲਿ॥ (੧੦੧੫)

'ਸਭਿ' **ਹੋਰਿ'** **'ਹੋਰਿ'** ਸਾਦ **'ਸਭਿ'** ਫਿਕਿਆ ਤਨੁ ਮਨੁ ਫਿਕਾ ਹੋਇ॥ (੨੧੮)

ਅਵਰਿ **ਅਵਰਿ** ਜਤਨ ਕਰਿ ਰਹੇ ਬਹੁਤੇਰੇ ਤਿਨ ਤਿਲੁ ਨਹੀ ਕੀਮਤਿ ਜਾਨੀ॥ (੬੭੧)

ਏਕਿ **ਏਕਿ** ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ॥ (੮੭੬)

9. ਨਿਸਚੇ ਵਾਚਕ ਪੜਨਾਂਵ ਜਾਂ ਵਿਸ਼ੇਸ਼ਣਾਂ ਦੇ ਅੰਤਲੇ ਅੱਖਰਾਂ ਨੂੰ ਲੱਗੀ ਸਿਹਾਰੀ ਬਹੁਵਚਨੀ ਅਰਥਾਂ ਦੀ ਸੂਚਕ ਹੁੰਦੀ ਹੈ। ਇਹਨਾਂ ਨਾਲ ਕਿਰਿਆ ਵੀ ਬਹੁਵਚਨ ਦੀ ਹੀ ਆਵੇਗੀ। ਜਿਵੇਂ :

ਏਹਿ ਜਿਨਿ **'ਏਹਿ'** ਲਿਖੇ ਤਿਸੁ ਸਿਰਿ ਨਾਹਿ॥ (੪)

ਓਇ **'ਓਇ'** ਜੁ ਦੀਸਹਿ ਅੰਬਰਿ ਤਾਰੇ॥ (੩੨੯)

ਓਹਿ ਨਾ **'ਓਹਿ'** ਮਰਹਿ ਨ ਠਾਗੇ ਜਾਹਿ॥ (੮)

ਇਹਿ ਜਪ ਤਪ ਸੰਜਮ ਕਰਮ ਕਮਾਣੇ **'ਇਹਿ'** ਓਰੈ ਮੂਸੇ॥ (੨੧੬)

ਵਿਸ਼ੇਸ਼ ਨੋਟ : (ਜਿਨ, ਉਨ, ਤਿਨ, ਇਨ, ਪੜਨਾਵਾਂ, ਦੀ ਸੂਰਤ ਵਿਚ ਉਕਤ ਨੇਮ ਉਲਟ ਕੰਮ ਕਰਦਾ ਹੈ। ਜਦੋਂ ਇਨ੍ਹਾਂ ਦੇ 'ਨ' ਨੂੰ ਸਿਹਾਰੀ ਹੁੰਦੀ ਹੈ ਤਾਂ ਇਕ ਵਚਨ ਦੇ ਲਖਾਇਕ ਹੁੰਦੇ ਹਨ। ਅਤੇ ਜਦੋਂ ਮੁਕਤਾ ਰੂਪ ਵਿਚ 'ਨ' ਹੋਵੇ ਤਾਂ ਬਹੁਵਚਨ ਦੇ ਸੂਚਕ ਹੁੰਦੇ ਹਨ।

ਜਿਨਿ, ਉਨਿ, ਤਿਨਿ, ਇਨਿ, ਇਕ ਵਚਨ ਹਨ।

ਜਿਨ, ਉਨ, ਤਿਨ, ਇਨ, ਬਹੁ ਵਚਨ ਹਨ।

10. ਕ੍ਰਿਆਵਾਚੀ ਸ਼ਬਦਾਂ ਦੇ ਅੰਤਲੇ 'ਹ' ਨੂੰ ਲੱਗੀ ਸਿਹਾਰੀ ਬਹੁਵਚਨੀ ਅਨਯ ਪੁਰਖ ਦੇ ਅਰਥਾਂ ਦੀ ਸੂਚਕ ਹੁੰਦੀ ਹੈ। ਅਜੇਹੇ ਸ਼ਬਦਾਂ ਦਾ ਉਚਾਰਨ ਬਿੰਦੀ ਸਹਿਤ ਕਰਨਾ ਸ਼ੁਧ ਹੈ। ਜਿਵੇਂ :

ਕਿਲਵਿਖ '**ਉਤਰਹਿ**' ਸੁਧੁ ਹੋਇ ਸਾਧੂ ਸਰਣਾਈ॥ (ਉਤਰਦੇ ਹਨ) (੮੧੪)

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ '**ਭਵਾਈਅਹਿ**'॥ (ਭਵਾਏ ਜਾਂਦੇ ਹਨ) (੧)

ਓਥੈ ਖੋਟੇ '**ਸਟੀਅਹਿ**' ਖਰੇ 'ਕੀਚਹਿ' ਸਾਬਾਸਿ॥ (ਸੁਟੇ ਜਾਂਦੇ ਹਨ) (੧੪੫)

ਇਸੇ ਤਰ੍ਹਾਂ ਕਰਹਿ, ਭਵਹਿ, ਲਾਵਹਿ, ਗਾਵਹਿ, ਭਾਵਹਿ ਆਦਿ ਕ੍ਰਿਆਵਾਚੀ ਸ਼ਬਦ ਬਹੁਵਚਨ ਦੇ ਲਖਾਇਕ ਹਨ। ਇਹਨਾਂ ਦਾ ਉਚਾਰਨ ਕਰਹਿਂ, ਭਵਹਿਂ, ਗਾਵਹਿਂ ਆਦਿ ਕੀਤੇ ਜਾਣਾ ਸ਼ੁਧ ਹੈ।

11. ਜਦੋਂ ਇਕ ਵਚਨ, ਮਧਮ ਪੁਰਖ (Second person, singular) ਦੀ ਕਿਰਿਆ ਸਮਾਨ ਵਰਤਮਾਨ ਕਾਲ ਵਿਚ ਹੋਵੇ ਤਾਂ ਭੀ ਅੰਤਲੇ 'ਹ' ਨਾਲ ਸਿਹਾਰੀ ਹੁੰਦੀ ਹੈ।

ਵੇਲਿ ਪਰਾਈ '**ਜੋਹਹਿ**' ਜੀਅੜੇ '**ਕਰਹਿ**' ਚੋਰੀ ਬੁਰਿਆਰੀ। (੧੫੫)

ਜਿਉ ਤੂ '**ਰਾਖਹਿ**' ਤਿਉ ਰਹਾ ਪ੍ਰਭ ਅਗਮ ਅਪਾਰੇ॥ (੮੧੫)

ਜਿਸ ਨੋ ਕਥਾ '**ਸੁਣਾਇਹਿ**' ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ॥ (੯੧੯)

ਜੋਹਹਿ—ਤੂੰ ਤਕਦਾ ਹੈਂ। ਕਰਹਿ—ਤੂੰ ਕਰਦਾ ਹੈਂ। ਰਾਖਹਿ—ਤੂੰ ਰਖਦਾ ਹੈਂ। ਸੁਣਾਇਹਿ—ਤੂੰ ਸੁਣਾਉਂਦਾ ਹੈਂ।

ਉਚਾਰਨ : ਜੋਹਹਿਂ, ਕਰਹਿਂ, ਰਾਖਹਿਂ, ਸੁਣਾਇਹਿਂ, ਬਿੰਦੀ ਲਗਾ ਕੇ ਕੀਤਾ ਜਾਵੇਗਾ।

12. ਜਦੋਂ ਬਹੁ ਵਚਨ ਅੱਨ ਪੁਰਖ (IIIrd person plural) ਦੀ ਕਿਰਿਆ ਭਵਿਖਤ ਕਾਲ ਵਿਚ ਹੋਵੇ ਤਾਂ ਭੀ ਅੰਤਲੇ 'ਹ' ਨਾਲ ਸਿਹਾਰੀ ਹੁੰਦੀ ਹੈ।

ਇਕਿ ਚਾਲੇ ਇਕਿ '**ਚਾਲਸਹਿ**' ਸਭਿ ਅਪਨੀ ਵਾਰ॥ (ਚਲੇ ਜਾਣਗੇ)(੮੦੮)

ਮਧਮ ਪੁਰਖ, ਇਕ ਵਚਨ, ਭਵਿਖਤ ਕਾਲ :

ਏਹ ਵੇਲਾ ਨ '**ਲਹਸਹਿ**' ਮੂੜੇ ਫਿਰਿ ਤੂੰ ਜਮ ਕੈ ਵਸਿ ਪਇਆ॥ (ਲਹੇਂਗਾ) (੪੩੫)

ਬਿਨੁ ਸਾਚੇ ਹੋਰੁ ਸਾਲਾਹਣਾ '**ਜਾਸਹਿ**' ਜਨਮੁ ਸਭੁ ਖੋਇ॥ (ਜਾਵੇਂਗਾ) (੫੬੫)

ਹਰਿ ਸਰਣਾਈ ਭਜਿ ਪਉ '**ਪਾਇਹਿ**' ਮੋਖ ਦੁਆਰੁ॥ (ਪਾਵੇਂਗਾ) (੪੨੯)

13. ਜਿਥੇ ਕ੍ਰਿਆਵਾਚੀ ਸ਼ਬਦਾਂ ਦੇ ਅੰਤ ਵਿਚ ਦੁਲਾਵਾਂ ਦੀ ਥਾਂ ਤੇ 'ਇ' ਵਰਤੀ ਗਈ ਹੈ ਉਹ ਵਰਤਮਾਨ ਕਾਲ ਦੇ ਅਰਥਾਂ ਦੀ ਲਖਾਇਕ ਹੁੰਦੀ ਹੈ। ਜਿਵੇਂ

'ਬਸਇ' ਕਰੋਧੁ ਸਰੀਰਿ ਚੰਡਾਰਾ॥ (ਬਸਦਾ ਹੈ) (੭੫੯)

ਗੁਨ ਗਾਇ ਸੁਨਿ ਲਿਖਿ 'ਦੇਇ'॥ (ਦੇਂਦਾ ਹੈ) (੮੩੮)

ਗੁਰ ਮਿਲਿਐ ਸਾਂਤਿ ਊਪਜੈ ਅਨਦਿਨੁ ਨਾਮੁ **ਲਏਇ**॥ (ਲੈਂਦਾ ਹੈ) (੧੨੫੮)

14. ਕ੍ਰਿਆਵਾਚੀ ਸ਼ਬਦਾਂ ਦੇ ਅੰਤਲੇ 'ਨ' ਜਾਂ 'ਸ' ਨੂੰ ਲੱਗੀ ਸਿਹਾਰੀ,

(ੳ) ਅਨਯ ਪੁਰਖ, ਬਹੁ ਵਚਨ, ਵਰਤਮਾਨ ਕਾਲ :

ਵੇਖਦਿਆ ਹੀ ਭਜਿ 'ਜਾਨਿ' ਕਦੇ ਨ 'ਪਾਇਨਿ' ਬੰਧੁ॥ (੯੫੯)

ਸਤਿਗੁਰੁ **'ਸੇਵਨਿ'** ਆਪਣਾ ਸਚੈ ਭਾਇ ਪਿਆਰਿ॥ (੪੨੬)

ਨਾਨਕ ਜਨਮੁ **'ਸਵਾਰਨਿ'** ਆਪਣਾ ਕੁਲ ਕਾ **'ਕਰਨਿ'** ਉਧਾਰੁ॥(੫੫੨)

ਓੜਕ ਓੜਕ ਭਾਲਿ ਥਕੇ ਵੇਦ **'ਕਹਨਿ'** ਇਕ ਵਾਤ॥ (ਜਪੁਜੀ)

ਜਾਨਿ—ਜਾਂਦੇ ਹਨ। ਪਾਇਨਿ—ਪਾਂਦੇ ਹਨ। ਸੇਵਨਿ—ਸੇਵਦੇ ਹਨ। ਸਵਾਰਨਿ—ਸਵਾਰਦੇ ਹਨ। ਕਰਨਿ—ਕਰਦੇ ਹਨ। ਕਹਨਿ ਕਹਿੰਦੇ ਹਨ।

ਨੋਟ :— ਇਹ 'ਨਿ', 'ਣਿ', ਨਾਲ ਨਹੀਂ ਬਦਲ ਸਕਦੀ। ਜਿਵੇਂ ਕਹਣਿ ਦਾ ਅਰਥ ਕਹਣ ਵਿਚ ਹੈ, ਕਹਿੰਦੇ ਹਨ, ਨਹੀਂ ਹੋ ਸਕਦਾ।

ਇਸੇ ਤਰ੍ਹਾਂ ਸਾਲਾਹਨਿ ਦਾ ਅਰਥ ਹੈ ਸਲਾਹੁੰਦੇ ਹਨ। ਪਰ ਸਾਲਾਹਣ ਦੇ ਅਰਥ ਇਹ ਨਹੀਂ ਕੀਤੇ ਜਾ ਸਕਦੇ। ਸਾਲਾਹਣ ਦਾ ਅਰਥ ਹੈ, ਸਿਫਤ ਸਲਾਹਾਂ।

(ਅ) ਮਧਮ ਪੁਰਖ, ਇਕ ਵਚਨ, ਵਰਤਮਾਨ ਕਾਲ :

ਮੋ ਕਉ ਕਹਾ **'ਪੜ੍ਹਾਵਸਿ'** ਆਲ ਜਾਲ॥ (੧੧੯੪)

ਝੂਠੇ ਕਹਾ **ਬਿਲੋਵਸਿ** ਪਾਨੀ॥ (੬੫੬)

ਕਾਇਆ **ਮਾਂਜਸਿ** ਕਉਨ ਗੁਨਾਂ॥ (੬੫੬)

ਪੜ੍ਹਾਵਸਿ—ਤੂੰ ਪੜ੍ਹਾਉਂਦਾ ਹੈਂ। ਬਿਲੋਵਸਿ—ਤੂੰ ਬਿਲੋਂਦਾ ਹੈਂ। ਮਾਂਜਸਿ—ਤੂੰ ਮਾਂਜਦਾ ਹੈਂ।

(ੲ) ਅੱਨਪੁਰਖ, ਇਕਵਚਨ, ਭਵਿੱਖਤ ਕਾਲ :

ਬਿਨੁ ਗੁਰ ਸਬਦ ਨ **'ਛੂਟਸਿ'** ਕੋਇ॥ (੮੩੯)

ਨਾਨਕ ਗੁਰਮੁਖਿ **'ਉਤਰਸਿ'** ਪਾਰਿ॥ (੭੯੧)

ਧਰਮ ਰਾਇ ਜਬ **'ਪਕਰਸਿ'** ਬਵਰੇ ਤਉ ਕਾਲਮੁਖਾ ਉਠਿ ਜਾਹੀ॥ (੧੨੦੭)

ਛੂਟਸਿ—ਛੁਟੇਗਾ। ਪਕਰਸਿ—ਪਕੜੇਗਾ। ਉਤਰਸਿ—ਉਤਰੇਗਾ।

(ਸ) ਅਨ ਪੁਰਖ, ਬਹੁ ਵਚਨ, ਭਵਿੱਖਤ ਕਾਲ :

ਮਨਮੁਖ ਸਬਦੁ ਨ ਜਾਣਨੀ **'ਜਾਸਨਿ'** ਪਤਿ ਗਵਾਇ॥ (੩੩)

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ **'ਕਹਸਨਿ'** ਪ੍ਰੇਤੁ॥ (੧੩੪)

ਤਲਬਾ **'ਪਉਸਨਿ'** ਆਕੀਆ ਬਾਕੀ ਜਿਨਾ ਰਹੀ॥ (੯੫੩)

ਜਾਸਨਿ—ਜਾਣਗੇ। ਕਹਸਨਿ—ਕਹਿਣਗੇ। ਪਉਸਨਿ—ਪੈਣਗੀਆਂ।

15. ਸਥਾਨ ਵਾਚੀ ਜਾਂ ਕਾਲ ਵਾਚੀ ਕ੍ਰਿਆ ਵਿਸ਼ੇਸ਼ਣ ਸ਼ਬਦਾਂ ਦੇ, ਅੰਤਲੇ ਅੱਖਰ ਨਾਲ ਸਿਹਾਰੀ ਵਰਤੀ ਜਾਂਦੀ ਹੈ ਪਰ ਕਿਸੇ ਸੰਬੰਧਕੀ ਜਾਂ ਕਾਰਕੀ ਅਰਥ ਲਈ ਨਹੀਂ। ਜਿਵੇਂ ਕਿ :

ਅੰਤਰਿ ਬਾਹਰਿ ਭਾਲਿ ਸਬਦਿ ਨਿਹਾਲਿਆ॥ (੭੫੨)

ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥ (੯੬)

ਵਿਸ਼ੇਸ਼ ਨੋਟ : ਜਦੋਂ ਉਪਰੋਕਤ ਸ਼ਬਦ 'ਕਿਰਿਆ ਵਿਸ਼ੇਸ਼ਣ' ਕਰਕੇ ਦੱਸੇ ਗਏ ਹਨ 'ਨਾਂਵ' ਕਰਕੇ ਆਉਂਦੇ ਹਨ ਤਾਂ ਇਨ੍ਹਾਂ ਦੇ ਅੰਤ ਵਿਚ ਸਿਹਾਰੀ ਨਹੀਂ ਆਉਂਦੀ। ਕਿਉਂਕਿ ਸਿਹਾਰੀ ਸੰਬੰਧਕੀ ਰੂਪ ਦੇਣ ਲਈ ਹੁੰਦੀ ਹੈ ਪਰ ਜਦੋਂ ਸ਼ਬਦ ਹੀ 'ਨਾਂਵ' ਹੋਵੇਗਾ ਤਾਂ ਉਹਦਾ ਰੂਪ ਭੀ 'ਨਾਂਵ' ਵਾਲਾ ਹੀ ਹੋਵੇਗਾ। ਜਿਵੇਂ :

ਬਾਹਰ **ਬਾਹਰ ਕਾ** ਮਾਸੁ ਮੰਦਾ ਸੁਆਮੀ **ਘਰ ਕਾ** ਮਾਸੁ ਚੰਗੇਰਾ॥ (੧੨੯੦)

ਇਥੇ ਬਾਹਰ, ਘਰ ਦੇ ਮੁਕਾਬਲੇ ਤੇ ਆਇਆ ਹੈ। ਬਾਹਰ ਤੇ ਘਰ ਦੇ ਅੱਗੇ ਸੰਬੰਧਰੀ ਪਦ 'ਕਾ' ਹੋਣ ਕਰਕੇ ਬਾਹਰ ਤੇ ਘਰ ਦੇ 'ਰ' ਦੀ ਔਂਕੜ ਲੱਥ ਗਈ ਹੈ।

ਅੰਦਰੁ **ਅੰਦਰੁ** ਵਿਧਾ ਸਚਿ ਨਾਇ ਬਾਹਰਿ ਭੀ ਸਚੁ ਡਿਠੋਮਿ॥ (੯੬੬)

ਅੰਤਰੁ ਬਾਹਰੁ ਧੋਇ **ਅੰਤਰੁ** ਮਨੁ ਮੈਲਾ ਦੁਇ ਠਉਰ ਅਪੁਨੇ ਖੋਏ॥ (੩੮੧)

ਵਿਚੁ—(ਵਿਚੋਲਗੀ)**ਵਿਚੁ** ਨ ਕੋਈ ਕਰਿ ਸਕੈ ਕਿਸਥੈ ਰੋਵਹਿ ਰੋਜ॥ (੧੩੫)

16. ਗੁਰਬਾਣੀ ਵਿਚ ਇਕ ਤਰ੍ਹਾਂ ਦੀ ਅਧੀਨ ਵਾਕੰਸ (Subordinate clause) ਆਉਂਦੀ ਹੈ, ਜਿਸ ਦਾ ਅਰਥ ਹੁੰਦਾ ਹੈ, ਇਸ ਤਰ੍ਹਾਂ ਕਰਨ ਨਾਲ, ਐਹ ਹੁੰਦਾ ਹੈ। ਅਜਿਹੀ ਅਧੀਨ ਵਾਕੰਸ ਵਿਚ ਦੋ ਸ਼ਬਦ ਹੁੰਦੇ ਹਨ, ਇਕ ਨਾਂਵ ਦੂਜਾ ਕਿਰਿਆ। ਨਾਂਵ ਦੇ ਅੰਤ ਵਿਚ ਸਿਹਾਰੀ ਜ਼ਰੂਰ ਹੋਵੇਗੀ ਅਤੇ ਕਿਰਿਆ ਦੇ ਅੰਤ ਵਿਚ ਦੁਲਾਵਾਂ, ਜਿਵੇਂ :

ਆਈ ਪੰਥੀ ਸਗਲ ਜਮਾਤੀ, **ਮਨਿ ਜੀਤੈ** ਜਗੁ ਜੀਤੁ॥ (ਜਪੁਜੀ—੬)

ਮਨਿ—ਨਾਉਂ ਸਿਹਾਰੀ ਨਾਲ ਹੈ। ਜੀਤੈ—ਕਿਰਿਆ, ਦੁਲਾਵਾਂ ਨਾਲ ਹੈ। ਅਰਥ ਹੈ— ਮਨ ਦੇ ਜਿੱਤਣ ਨਾਲ, ਜਗ ਜਿਤਿਆ ਜਾਂਦਾ ਹੈ।

ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ॥ (੫੫)

'ਸਾਜਨਿ ਮਿਲਿਐ' ਦੇ ਅਰਥ ਹਨ—ਸੱਜਣ ਦੇ ਮਿਲਣ ਨਾਲ।

ਨਾਨਕ **ਨਾਮਿ ਸਲਾਹਿਐ** ਮਨੁ ਤਨੁ ਸੀਤਲੁ ਹੋਇ॥ (੩੨੧)

ਨਾਮਿ ਸਲਾਹਿਐ ਦਾ ਅਰਥ ਹੈ—ਨਾਮ, ਸਲਾਹਣ ਨਾਲ।

ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥ (੪੩੫)

ਏਤੁ ਧਾਨਿ ਖਾਧੈ ਦਾ ਅਰਥ ਹੈ—ਇਸ ਧਾਨ ਦੇ ਖਾਧਿਆਂ।

ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ੀ ਵਿਚਹੁ ਆਪੁ ਗਵਾਇਆ॥ (੪੬੫)

ਸਤਿਗੁਰਿ ਮਿਲਿਐ ਦੇ ਅਰਥ ਹਨ—ਸਤਿਗੁਰੂ ਦੇ ਮਿਲਣ ਨਾਲ।

ਲੋਕਿ ਪਤੀਣੈ ਨਾ ਪਤਿ ਹੋਇ॥ (੬੬੧)

ਲੋਕਿ ਪਤੀਣੈ ਦਾ ਅਰਥ ਹੈ—ਲੋਕਾਂ ਦੇ ਪਤੀਜਣ ਨਾਲ।

17. ਜੇ ਕੋਈ ਸ਼ਬਦ ਕਿਸੇ ਹੋਰ ਬੋਲੀ ਵਿਚੋਂ ਆਉਂਦਿਆਂ ਆਪਣੇ ਨਾਲ ਅੰਤਲੀ ਸਿਹਾਰੀ (ਮੂਲਿਕ ਸਿਹਾਰੀ) ਲਿਆਇਆ ਹੋਵੇ ਤਾਂ ਉਹ ਸਿਹਾਰੀ ਸਦਾ ਕਾਇਮ ਰਹੇਗੀ। ਜਿਵੇਂ—ਹਰਿ, ਨਾਰਿ, ਰਾਸਿ, ਭੂਮਿ, ਧਰਤਿ, ਸਿਰਠਿ, ਕੀਰਤਿ, ਰਵਿ, ਅਗਨਿ, ਥਿਤਿ, ਬਿਧਿ, ਰਿਧਿ, ਨਿਧਿ, ਮੁਨਿ, ਸੁਅਸਤਿ, ਦ੍ਰਿਸਟਿ, ਆਦਿ, ਸਿਮ੍ਰਿਤਿ, ਪ੍ਰੀਤਿ, ਸਮਾਧਿ, ਜਾਤਿ, ਜੋਤਿ, ਗੀਤਿ, ਪਰਵਿਰਤਿ, ਨਿਰਵਿਰਤਿ, ਆਥਿ, ਜੋਨਿ......ਆਦਿ।

ਭਗਤਿ ਦੇ ਅਰਥ ਹਨ **ਭਗਤੀ**। ਪਰ ਜਿਥੇ **ਭਗਤ** ਸ਼ਬਦ 'ਤ' ਨੂੰ ਸਿਹਾਰੀ ਤੋਂ ਬਗੈਰ ਆਇਆ ਹੈ ਉਸ ਦੇ ਅਰਥ ਹਨ **ਭਗਤੀ ਕਰਨ ਵਾਲੇ ਭਗਤ**।

ਇਸੇ ਤਰ੍ਹਾਂ **ਮੁਕਤਿ** ਦੇ ਅਰਥ ਹਨ, **ਮੁਕਤੀ**, ਪਰ ਜਿਥੇ **ਮੁਕਤ** ਜਾਂ **ਮੁਕਤੁ** ਆਵੇਗਾ ਉਸ ਦੇ ਅਰਥ ਹੋਣਗੇ **ਮੁਕਤੀ ਪ੍ਰਾਪਤ ਕਰਨ ਵਾਲੇ** ਜਾਂ **ਮੁਕਤੀ ਪ੍ਰਾਪਤ ਕਰਨ ਵਾਲਾ**।

ਸਠਿ ਦੇ ਅਰਥ ਹਨ—60, ਪਰ **ਸਠ** ਦਾ ਅਰਥ ਹੈ **ਮੂਰਖ**।

ਕਾਮਣਿ ਦੇ ਅਰਥ ਹਨ **ਇਸਤ੍ਰੀ** ਪਰ **ਕਾਮਣ** ਦਾ ਅਰਥ ਹੈ, **ਟੂਣੇ**।

18. ਜਦੋਂ ਕਿਸੇ ਵਾਕ ਵਿਚ ਕਿਰਿਆ ਭੂਤ ਕਾਲ ਵਿਚ ਹੋਵੇ ਤਾਂ ਉਸਦੇ ਇਕ ਵਚਨ ਕਰਤਾ ਉਤੇ ਜ਼ੋਰ ਦੇਣ ਲਈ ਕਰਤਾ ਦੇ ਅੰਤਲੇ ਅੱਖਰ ਨਾਲ ਸਿਹਾਰੀ ਵਰਤੀ ਹੁੰਦੀ ਹੈ। ਜਿਵੇਂ:

ਗੁਰਿ—ਗੁਰੂ ਨੇ — ਸੋ ਘਰੁ **ਗੁਰਿ**, ਨਾਨਕ ਕਉ ਦੀਆ॥ (੧੮੬)

ਪਰਮੇਸੁਰਿ—ਪਰਮੇਸਰ ਨੇ — ਹਾਥੁ ਦੇਇ ਰਾਖੇ **ਪਰਮੇਸੁਰਿ** ਸਗਲਾ ਦੁਰਤੁ ਮਿਟਾਇਆ॥ (੫੩੨)

ਬਾਪਿ—ਬਾਪ ਨੇ — **ਬਾਪਿ** ਦਿਲਾਸਾ ਮੇਰੋ ਕੀਨਾ॥ (੪੭੬)

ਮੂਰਖਿ—ਮੂਰਖ ਨੇ — **ਮੂਰਖਿ** ਅੰਧੈ ਪਤਿ ਗਵਾਈ॥ (੪੬੭)

ਜਿਨਿ—ਜਿਸ ਨੇ — **ਜਿਨਿ** ਹਰਿ ਪਾਇਓ ਤਿਨਹਿ ਛਪਾਇਓ॥ (੭੧੮)

ਤਿਨਿ—ਤਿਸ ਨੇ — ਜਿਸ ਕਾ ਸਾ **ਤਿਨਿ** ਲੀਆ ਮਿਲਾਇ॥ (੨੮੯)

ਨੋਟ : ਜਿਥੇ 'ਤਿਨ' ਕਰਤਾ ਨਹੀਂ ਹੁੰਦਾ ਉਥੇ ਇਹਦੇ 'ਨਨੇ' ਨਾਲ ਸਿਹਾਰੀ ਨਹੀਂ ਹੁੰਦੀ।

ਜਿਵੇਂ : ਪੜਹਿ ਸੁਣਹਿ ਤਿਨ੍ ਚਾਰ ਵੀਚਾਰ॥ (ਤਿਨ—ਉਹਨਾਂ ਨੂੰ) (੪੭੦)
ਅਰਥ ਜੋ ਉਨ੍ਹਾਂ (ਵੇਦਾਂ) ਨੂੰ ਪੜ੍ਹਦੇ ਹਨ..........।
ਜਿਥੇ **'ਤਿਨਿ'** ਦੇ **ਅਰਥ ਤ੍ਰੈ ਹਨ** ਉਹਦੇ ਨਨੇ ਨਾਲ ਸਦਾ ਸਿਹਾਰੀ ਹੁੰਦੀ ਹੈ।

19. ਕਈ ਵਾਰ ਜਦ ਲੋੜ ਅਨੁਸਾਰ ਲੰਮੀ ਅਵਾਜ਼ ਨੂੰ ਛੋਟਾ ਕਰਨਾ ਪੈਂਦਾ ਹੈ ਤਾਂ ਸਿਹਾਰੀ ਹੋਰਨਾਂ ਲਗਾਂ ਮਾਤ੍ਰਾਂ ਦੀ ਥਾਂ ਭੀ ਵਰਤੀ ਜਾਂਦੀ ਹੈ। ਜਿਵੇਂ :

ਬਿਹਾਰੀ ਦੀ ਥਾਂ

ਚਾਲਸਿ—ਚਾਲਸੀ ਹੋਵਗਿ—ਹੋਵੇਗੀ ਉਤਰਸਿ—ਉਤਰਸੀ
ਵਜਗਿ—ਵਜੇਗੀ ਆਵਗਿ—ਆਵੇਗੀ ਬਾਣਿ—ਬਾਣੀ
ਮੇਦਨਿ—ਮੇਦਨੀ ਜਨਨਿ—ਜਨਨੀ ਰੋਮਾਵਲਿ—ਰੋਮਾਵਲੀ
ਦੂਬਲਿ—ਦੂਬਲੀ

ਚੇਰਿ—ਚੇਰੀ ਅਨਿਕ ਮਾਇਆ ਹੈ ਤਾ ਕੀ **ਚੇਰਿ**॥ (੮੮੮)
ਪੰਖਿ—ਪੰਖੀ ਜੈਸੇ ਤਰਵਰ **ਪੰਖਿ** ਬਸੇਰਾ॥ (੬੫੯)
ਗੋਦਾਵਰਿ—ਗੋਦਾਵਰੀ। ਗੰਗਾ ਜਉ **ਗੋਦਾਵਰਿ** ਜਾਈਐ........॥ (੯੭੩)
ਬਾਵਲਿ—ਬਾਵਲੀ **ਬਾਵਲਿ** ਹੋਈ ਸੋ ਸਹੁ ਲੋਰਉ॥ (੭੯੪)

20. ਜਿਹਨਾਂ ਕ੍ਰਿਆਵਾਚੀ ਸ਼ਬਦਾਂ ਦੇ ਅੰਤ 'ਗਿ' ਆਉਂਦੀ ਹੈ ਉਹਨਾਂ ਤੋਂ ਭਵਿੱਖਤ ਕਾਲ ਅੱਨ ਪੁਰਖ ਇਕ ਵਚਨ ਦੇ ਅਰਥ ਨਿਕਲਦੇ ਹਨ ਜਿਵੇਂ :

ਕਾਚੀ **ਢਹਗਿ** ਦਿਵਾਲ ਕਾਹੇ ਗਚੁ ਲਾਵਹੁ॥ (ਢਹਗਿ—ਢਹੇਗੀ) (੧੧੭੧)
ਕਰਣੀ ਉਪਰਿ **ਹੋਵਗਿ** ਸਾਰ॥ (ਹੋਵਗਿ—ਹੋਵੇਗੀ) (੧੧੬੯)
ਵਡੀ ਸੁ **ਵਜਗਿ** ਨਾਨਕਾ ਸਚਾ ਵੇਖੈ ਸੋਇ॥ (ਵਜਗਿ—ਵੱਜੇਗੀ)(੪੬੯)

ਬਿਹਾਰੀ (ੀ)

1. ਬਹੁਵਚਨ ਨਾਵਾਂ ਦੇ ਅੰਤ ਵਿਚ ਸੰਬੰਧਕੀ ਅਰਥ ਦਿੰਦੀ ਹਨ। ਇਸ ਵਿਚੋਂ ਹੈ, ਹਨ, ਨੂੰ, ਨੇ, ਦਾ, ਦੇ, ਕਾਰਕੀ ਅਰਥ ਨਿਕਲਦੇ ਹਨ ਅਤੇ ਵਿਚ, ਨਾਲ ਉਤੇ, ਆਦਿ ਸੰਬੰਧਕੀ ਅਰਥ ਵੀ ਨਿਕਲਦੇ ਹਨ।

(ੳ) **ਗੁਰਸਿਖੀ** ਹਰਿ ਅੰਮ੍ਰਿਤ ਬੀਜਿਆ ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ॥ (੩੦੪)

ਗੁਰਸਿਖੀ ਦਾ ਉਚਾਰਨ ਹੈ, **ਗੁਰਸਿਖੀਂ**। ਅਰਥ ਹੈ **ਗੁਰਸਿਖਾਂ** ਨੇ।

(ਅ) ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ, **ਪਿਤਰੀ** ਹੋਇ ਉਧਾਰੋ॥(੪੯੬)
ਪਿਤਰੀ ਦਾ ਉਚਾਰਨ ਹੈ, **ਪਿਤਰੀਂ**। ਅਰਥ ਹੈ **ਪਿਤਰਾਂ ਦਾ**।

(ੲ) **ਅਖੀ** ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥ (੪੭੨)
ਅਖੀ ਦਾ ਉਚਾਰਨ ਹੈ, **ਅਖੀਂ**। ਅਰਥ ਹੈ **ਅੱਖਾਂ ਨੂੰ**।

(ਸ) ਅਨਿਕ **ਉਪਾਵੀ** ਰੋਗੁ ਨ ਜਾਇ॥ (੨੮੮)
ਉਪਾਵੀ ਦਾ ਉਚਾਰਨ ਹੈ, **ਉਪਾਵੀਂ**। ਅਰਥ ਹੈ **ਤਰੀਕਿਆਂ ਨਾਲ**।

(ਹ) ਪੂਰਨ ਪੂਰਿ ਰਹਿਓ ਸ੍ਰਬ **ਥਾਈ**, ਆਨ ਨ ਕਤਹੂੰ ਜਾਤਾ॥ (੪੯੬)
ਥਾਈ ਦਾ ਉਚਾਰਨ ਹੈ, **ਥਾਈਂ**। ਅਰਥ ਹੈ **ਥਾਵਾਂ ਵਿਚ**।

(ਕ) **ਪੈਰੀ** ਪੈ ਪੈ ਬਹੁਤੁ ਮਨਾਈ ਦੀਨ ਦਇਆਲ ਗੋਪਾਲਾ ਜੀਉ॥ (੯੯)
ਪੈਰੀ ਦਾ ਉਚਾਰਨ ਹੈ, **ਪੈਰੀਂ**। ਅਰਥ ਹੈ **ਪੈਰਾਂ ਉਤੇ**।

2. ਗੁਰਬਾਣੀ ਵਿਚ ਬਿਹਾਰੀ ਕ੍ਰਿਆਵਾਚੀ ਸ਼ਬਦਾਂ ਨਾਲ ਲੱਗ ਕੇ, ਸ਼ਬਦ ਦੇ ਭਾਵ ਅਨੁਸਾਰ ਤਿੰਨੇ ਕਾਲਾਂ (ਵਰਤਮਾਨ, ਭੂਤ ਤੇ ਭਵਿੱਖ) ਦੇ ਅਰਥਾਂ ਦੀ ਸੂਚਕ ਹੁੰਦੀ ਹੈ। ਜਿਵੇਂ :

ਵਰਤਮਾਨ ਕਾਲ, ਅਨ ਪੁਰਖ, ਇਕ ਵਚਨ

(ੳ) ਨਾਨਕ ਨਾਲਿ ਨ '**ਚਲਈ**' ਫਿਰਿ ਪਛੁਤਾਵਾ ਹੋਇ॥ (ਚਲਈ—ਚਲਦਾ ਹੈ) (੭੮੭)
ਇਸੇ ਤਰ੍ਹਾਂ ਥੀਵਈ, ਹੋਵਈ, ਆਵਈ, ਬੂਝਈ, ਜੋਹਈ ਆਦਿ ਸ਼ਬਦ ਕ੍ਰਮਵਾਰ ਹੁੰਦਾ ਹੈ, ਹੁੰਦਾ ਹੈ, ਆਉਂਦਾ ਹੈ, ਬੁਝਦਾ ਹੇ, ਜੋਂਹਦਾ ਹੈ ਆਦਿ ਅਰਥ ਦੇਂਦੇ ਹਨ।

(ਅ) ਜਿਨਿ ਜਿਨਿ **ਕੀਨੀ** ਮੇਰੇ ਗੁਰ ਕੀ ਆਸਾ॥ (੨੩੯)
ਕੀਨੀ ਦਾ ਅਰਥ ਹੈ, ਧਾਰੀ ਹੈ।

(ੲ) ਜਿਨਿ ਜਨਿ **ਸੁਣੀ ਮਨੀ** ਹੈ ਜਿਨਿ ਜਨਿ ਤਿਸੁ ਜਨ ਕੈ ਹਉ ਕੁਰਬਾਨੰਤੀ॥ (੯੭੭)

ਸੁਣੀ ਦਾ ਅਰਥ ਹੈ, ਸੁਣੀ ਹੈ। **ਮਨੀ** ਦਾ ਅਰਥ ਮੰਨੀ ਹੈ। ਉਚਾਰਨ ਹੈ, ਮੰਨੀ।

ਅਨ ਪੁਰਖ, ਬਹੁ ਵਚਨ, ਵਰਤਮਾਨ ਕਾਲ

(ੳ) ਕਾਹੂ ਸੰਗਿ ਨ **ਚਾਲਹੀ** ਮਾਇਆ ਜੰਜਾਲ॥ (੮੦੭)

(ਅ) ਦੋਹਾਗਣੀ ਪਿਰ ਕੀ ਸਾਰ ਨ '**ਜਾਣਹੀ**' ਕਿਆ ਕਰਿ ਕਰਹਿ ਸੀਗਾਰੁ॥ (੪੩੦)

ਚਾਲਹੀ—ਚਲਦੇ ਹਨ। ਜਾਣਹੀ—ਜਾਣਦੀਆਂ ਹਨ। ਇਸੇ ਪ੍ਰਕਾਰ : ਖੁਲਾਹੀ—ਖੁਲਦੇ ਹਨ। ਸਮਾਹੀ—ਸਮਾਉਂਦੇ ਹਨ। ਲਗਾਹੀ—ਲਗਦੇ ਹਨ।

(ੲ) ਖੋਟੇ ਠਵਰ ਨ **ਪਾਇਨੀ** ਰਲੇ ਜੂਠਾਨੈ॥ (੪੨੧)

(ਸ) ਖੋਟੇ ਨਦਰਿ ਨ **ਆਵਨੀ** ਲੇ ਅਗਨਿ ਜਲਾਈਐ॥ (੪੨੧)

(ਹ) ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ॥ (੯੫੯)

ਪਾਇਨੀ—ਪਾਂਦੇ ਹਨ। ਆਵਨੀ—ਆਉਂਦੇ ਹਨ। ਜਾਣਨੀ—ਜਾਣਦੇ ਹਨ।

ਮਧਮ ਪੁਰਖ, ਇਕ ਵਚਨ, ਵਰਤਮਾਨ ਕਾਲ

(ੳ) ਦਰਿ ਸੇਵਕੁ ਦਰਵਾਨੁ ਦਰਦੁ ਤੂੰ **ਜਾਣਹੀ**॥ (੪੨੨)

(ਅ) ਭਗਤਿ ਤੇਰੀ ਹੈਰਾਨੁ ਦਰਦੁ **ਗਵਾਵਹੀ**॥ (੪੨੨)

ਤੂੰ. ਜਾਣਹੀ—ਤੂੰ ਜਾਣਦਾ ਹੈਂ। ਗਵਾਵਹੀ—ਤੂੰ ਗਵਾਉਂਦਾ ਹੈਂ।

ਉਤਮੁ ਪੁਰਖ, ਇਕ ਵਚਨ, ਵਰਤਮਾਨ ਕਾਲ

(ੳ) ਇਕਿ ਸੰਗਿ ਹਰਿ ਕੈ ਕਰਹਿ ਰਲੀਆ, 'ਹਉ' '**ਪੁਕਾਰੀ**' ਦਰਿ ਖਲੀ॥ (੪੩੬)

ਪੁਕਾਰੀ ਦਾ ਉਚਾਰਨ ਹੈ '**ਪੁਕਾਰੀਂ**'। ਅਰਥ ਹੈ, ਮੈਂ ਪੁਕਾਰਦੀ ਹਾਂ।

(ਅ) ਤਿਸੁ **ਜੋਹਾਰੀ** ਸੁਅਸਤਿ ਤਿਸੁ, ਤਿਸੁ ਦੀਬਾਣੁ ਅਭਗੁ॥ (੪੬੭)

ਜੋਹਾਰੀ ਦਾ ਉਚਾਰਨ ਹੈ, **ਜੋਹਾਰੀਂ**। ਅਰਥ ਹੈ, ਮੈਂ ਜੋਹਾਰਦਾ (ਨਮਸਕਾਰ ਕਰਦਾ) ਹਾਂ।

(ੲ) ਤੂੰ ਸਭਨੀ ਥਾਈ ਜਿਥੈ ਹਉ **ਜਾਈ** ਸਾਚਾ ਸਿਰਜਣਹਾਰੁ ਜੀਉ॥(੪੩੮)

ਜਾਈ ਦਾ ਉਚਾਰਨ ਹੈ, **ਜਾਈਂ**। ਅਰਥ ਹੈ, ਮੈਂ ਜਾਂਦਾ ਹਾਂ।

ਭਵਿਖਤ ਕਾਲ, ਅੱਨ ਪੁਰਖ, ਇਕ ਵਚਨ

(ੳ) ਹਥੁ ਨ ਲਾਇ ਕਸੁੰਭੜੈ ਜਲਿ **ਜਾਸੀ** ਢੋਲਾ॥ (੭੯੪)

(ਅ) ਜੇ ਘਟੁ ਜਾਇ ਤ ਭਾਉ ਨ **ਜਾਸੀ** ਹਰਿ ਕੇ ਚਰਨ ਨਿਵਾਸਾ॥ (੭੯੩)

(ੲ) ਓਨਾ ਦੀ ਆਪਿ ਪਤਿ **ਰਖਸੀ** ਮੇਰਾ ਪਿਆਰਾ ਸਰਣਾਗਤਿ ਪਏ ਗੁਰਦੁਆਰੇ॥ (੧੨੪੯)

(ਸ) ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ **ਹੋਸੀ**॥ (੧੧੦੦)

ਜਾਸੀ—ਜਾਏਗਾ। ਰਖਸੀ—ਰਖੇਗਾ। ਹੋਸੀ—ਹੋਵੇਗਾ। ਇਸੇ ਪ੍ਰਕਾਰ : ਅਲਾਏਸੀ—ਅਲਾਏਗਾ। ਚਲਸੀ—ਚਲੇਗਾ। ਥੀਸੀ—ਹੋਵੇਗਾ। ਪਿਆਸੀ—ਪਿਆਏਗਾ। ਚਖਸੀ—ਚਖੇਗਾ।

(ਹ) ਰੋਵਨਹਾਰੁ ਭਿ ਊਠਿ **ਸਿਧਾਈ**॥ (੮੮੫)

(ਕ) ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ **ਖਾਈ** ਮਹਾਕਾਲੁ॥ (੮੮੫)

ਸਿਧਾਈ—ਸਿਧਾਇਗਾ। ਖਾਈ—ਖਾਇਗਾ

3. 'ਉਤਮ ਪੁਰਖ' ਵਿਚ ਉਚਾਰਨ ਕੀਤੇ ਗਏ ਕ੍ਰਿਆਵਾਚੀ ਸ਼ਬਦਾਂ ਨਾਲ ਬਿਹਾਰੀ ਦੀ ਵਰਤੋਂ ਹੁੰਦੀ ਹੈ। ਇਹ ਬਿਹਾਰੀ ਬਿੰਦੀ ਸਹਿਤ ਉਚਾਰਨ ਹੁੰਦੀ ਹੈ, ਜਿਵੇਂ :

ਗੁਣ ਗਾਵਾ ਗੁਣ ਵਿਥਰਾ, ਗੁਣ **ਬੋਲੀ** ਮੇਰੀ ਮਾਇ॥ (੪੦)

ਕਵਣੁ ਸੁ ਵੇਸੋ ਹਉ **ਕਰੀ** ਜਿਤੁ ਵਸਿ ਆਵੈ ਕੰਤੁ॥ (੧੩੮੪)

ਤੂ ਰਖਵਾਲਾ ਸਦਾ ਸਦਾ ਹਉ ਤੁਧੁ **ਧਿਆਈ**॥ (੫੧੭)

ਜੋ ਤੁਮ ਦੇਹੁ ਸੋਈ ਸੁਖੁ **ਪਾਈਂ**॥ (੩੮੬)

ਬੋਲੀ—ਮੈਂ ਬੋਲਾਂ। **ਕਰੀ**—ਮੈਂ ਕਰਾਂ। **ਧਿਆਈ**—ਮੈਂ ਧਿਆਉਂਦਾ ਹਾਂ। **ਪਾਈ**—ਮੈਂ ਪਾਉਂਦਾ ਹਾਂ। ਉਚਾਰਨ ਹੈ **ਬੋਲੀਂ**, **ਕਰੀਂ**, **ਧਿਆਈਂ**, **ਪਾਈਂ**।

4. (ੳ) ਕਈ ਵਾਰੀ ਬਿਹਾਰੀ, ਸਿਹਾਰੀ ਦੀ ਥਾਂ ਵਰਤੀ ਜਾਂਦੀ ਹੈ। ਅਜੇਹੇ ਸ਼ਬਦਾਂ ਵਿਚੋਂ ਅਰਥ ਸਿਹਾਰੀ ਦੇ ਹੀ ਨਿਕਲਦੇ ਹਨ। ਜਿਵੇਂ :

ਲਹਨੀ—ਲਹਨਿ, ਭਾਵ ਲੈਂਦੇ।

ਨਾਨਕ ਕਰਮਾ ਬਾਹਰੇ, ਦਰਿ ਢੋਅ ਨ **ਲਹਨੀ** ਧਾਵਦੇ॥ (੪੬੮)

ਜਾਣਨੀ—ਜਾਣਨਿ, ਜਾਣਦੇ।

ਮੂਰਖ ਸਚੁ ਨ **ਜਾਣਨੀ**, ਮਨਮੁਖੀ ਜਨਮੁ ਗਵਾਇਆ॥ (੪੬੭)

ਚੇਤਨੀ—ਚੇਤਨਿ, ਚੇਤਦੇ

ਨਾਨਕੁ ਨਾਮੁ ਨ **ਚੇਤਨੀ**, ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ॥ (੬੪੮)

ਚਲਨੀ—ਚਲਨਿ, ਚਲਦੇ।

ਸਾਰੇ ਲਿਖੇ ਨ **ਚਲਨੀ**, ਜਿਦੂ ਕੂੰ ਸਮਝਾਇ॥ (੧੩੭੭)

(ਅ) ਸੰਬੰਧਕੀ ਅਰਥਾਂ ਵਿਚ :

ਕਰਮੀ ਆਵੈ ਕਪੜਾ, **ਨਦਰੀ** ਮੋਖੁ ਦੁਆਰੁ॥ (**ਨਦਰੀ**—ਨਦਰ ਨਾਲ)(੨)

ਵਿਜੋਗੀ ਮਿਲਿ ਵਿਛੁੜੇ, ਨਾਨਕ, ਭੀ, ਸੰਜੋਗ॥ (**ਵਿਜੋਗੀ**—ਵਿਜੋਗ ਨਾਲ) (੯੮੯)

ਰਹੈ **ਬੇਬਾਣੀ** ਮੜੀ **ਮਸਾਣੀ**॥ (੪੬੭)

(**ਬੇਬਾਣੀ**—ਬੀਆਬਾਨਾਂ ਵਿਚ : **ਮਸਾਣੀ**—ਮਸਾਣਾਂ ਵਿਚ)

ਕਹੈ ਨਾਨਕੁ **ਗੁਰਪਰਸਾਦੀ** ਸਹਜੁ ਉਪਜੈ ਇਹੁ ਸਹਸਾ ਇਵ ਜਾਇ॥ (੯੧੯)

ਗੁਰਪਰਸਾਦੀ—ਗੁਰੂ ਦੀ ਕਿਰਪਾ ਨਾਲ।

ਕੰਨਾ (ਾ)

1. ਨਾਵਾਂ ਨੂੰ ਬਹੁਵਚਨ ਬਣਾਉਣ ਲਈ ਕੰਨੇ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ :-

'**ਸੰਤਾ**' ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ॥ (ਸੰਤ ਤੋਂ ਸੰਤਾਂ) (੯੬੯)

'**ਸਾਧਾ**' ਮਹਿ ਇਹ ਹਮਰੀ ਜਿੰਦ॥ (ਸਾਧ ਤੋਂ ਸਾਧਾਂ) (੧੯੩)

'ਗੁਰਸਿਖਾ' ਇਕੋ ਪਿਆਰੁ, **'ਗੁਰ ਮਿਤਾ'**, **'ਪੁਤਾ'**, **'ਭਾਈਆ'**॥ (੬੪੮)
(ਗੁਰਸਿਖ ਤੋਂ ਗੁਰਸਿਖਾਂ, ਪੁਤ ਤੋਂ ਪੁਤਾਂ, ਮਿਤ ਤੋਂ ਮਿਤਾਂ।)
ਸੁਣਿਐ **'ਸਰਾ'** **ਗੁਣਾ** ਕੇ ਗਾਹ॥ (ਸਰ ਤੋਂ ਸਰਾਂ, ਗੁਣ ਤੋਂ ਗੁਣਾਂ) (੩)
ਸਭ **'ਸਾਹਾ'** ਸਿਰਿ ਸਾਚਾ ਸਾਹੁ॥ (ਸਾਹ ਤੋਂ ਸਾਹਾਂ) (੮੯੩)

ਨੋਟ : 'ਸਾਹੁ' ਇਕ ਵਚਨ ਹੈ ਤੇ ਉਚਾਰਨ ਹੈ ਸ਼ਾਹ।

ਇਸੇ ਤਰ੍ਹਾਂ ਬਗਾ, ਬਾਜਾ, ਭਾਈਆ, ਭਗਤਾ, ਗਲਾ, ਪਾਪਾ, ਚੋਟਾ, ਘਟਾ, ਵਡਿਆਈਆ, ਚੰਗਿਆਈਆ, ਬੁਰਿਆਈਆ ਆਦਿ ਸ਼ਬਦ ਕੰਨੇ ਨਾਲ ਬਹੁਵਚਨ ਬਣੇ ਹੋਏ ਹਨ। ਅਜਿਹੇ ਸਾਰੇ ਸ਼ਬਦਾਂ ਦੇ ਉਚਾਰਨ ਸਮੇਂ ਕੰਨੇ ਉਤੇ ਬਿੰਦੀ ਬੁਲਾ ਕੇ ਪਾਠ ਕੀਤਾ ਜਾਂਦਾ ਹੈ। ਜਿਵੇਂ : ਸੰਤਾਂ, ਪੁਤਾਂ, ਗੁਰਸਿਖਾਂ, ਭਗਤਾਂ ਆਦਿ।

2. ਕੰਨਾ ਸੰਬੋਧਨ ਰੂਪ ਵਿਚ ਵੀ ਵਰਤਿਆ ਗਿਆ ਹੈ। ਜਿਵੇਂ :

ਗੁਰਾ! ਇਕ ਦੇਹਿ ਬੁਝਾਈ॥ (ਗੁਰਾ—ਹੇ ਗੁਰੂ ਜੀ) (੨)
ਮੇਰੇ **ਗੋਵਿੰਦਾ**! ਗੁਣ ਗਾਵਾ, ਤ੍ਰਿਪਤਿ ਮਨਿ ਹੋਇ॥ (ਗੋਵਿੰਦਾ—ਹੇ ਗੋਵਿੰਦ) (੪੦)
ਮੇਰੇ **ਪ੍ਰੀਤਮਾ**! ਹਉ ਜੀਵਾ ਨਾਮੁ ਧਿਆਇ॥ (ਪ੍ਰੀਤਮਾ-ਹੇ ਪ੍ਰੀਤਮ) (੪੦)
ਪੂਤਾ! ਮਾਤਾ ਕੀ ਆਸੀਸ॥ (ਪੂਤਾ—ਹੇ ਪੁੱਤਰ) (੪੯੬)
ਲੋਕਾ! ਮਤ ਕੋ ਫਕੜਿ ਪਾਇ॥ (ਲੋਕਾ—ਹੇ ਲੋਕੋ) (੩੫੮)
ਜੋ ਤਿਸ ਭਾਵੈ **ਨਾਨਕਾ**! ਸਾਈ ਗਲ ਚੰਗੀ॥ (ਨਾਨਕਾ—ਹੇ ਨਾਨਕ)(੭੨੬)

ਜਿਹਨਾਂ ਸ਼ਬਦਾਂ ਨਾਲ **ਕੰਨਾ ਸੰਬੋਧਨ ਰੂਪ** ਵਿਚ ਵਰਤਿਆ ਜਾਂਦਾ ਹੈ, ਉਹਨਾਂ ਸਾਰੇ ਸ਼ਬਦਾਂ ਦਾ ਉਚਾਰਨ **ਬਿਨਾਂ ਬਿੰਦੀ ਬੁਲਾਏ** ਕੀਤਾ ਜਾਂਦਾ ਹੈ। ਅਜੇਹੇ ਸ਼ਬਦਾਂ ਦੇ ਉਚਾਰਨ ਸਮੇਂ ਬਿੰਦੀ ਬੁਲਾਉਣਾ **ਅਸ਼ੁਧ ਪਾਠ** ਕਰਨਾ ਹੈ।

3. ਕ੍ਰਿਆਵਾਚੀ ਸ਼ਬਦਾਂ ਨਾਲ ਕੰਨੇ ਦੀ ਵਰਤੋਂ ਕਰਨ ਨਾਲ ਕਾਲ ਭੇਦ :

(ੳ) ਮਰਾਠੀ ਬੋਲੀ ਵਿਚ ਜਿਨ੍ਹਾਂ ਸ਼ਬਦਾਂ ਦੇ ਅੰਤ ਵਿਚ 'ਲਾ' ਆਉਂਦਾ ਹੈ ਉਹ ਆਮ ਤੌਰ ਤੇ ਭੂਤ ਕਾਲ ਦੇ ਸੂਚਕ ਹੁੰਦੇ ਹਨ। ਜਿਵੇਂ :

ਗਰੁੜ ਚੜ੍ਹੇ ਗੋਬਿੰਦ **'ਆਇਲਾ'**॥ (ਆਇਲਾ—ਆਇਆ) (੧੧੬੬)
ਨਾਮਾ ਸੁਲਤਾਨੇ **'ਬਾਧਿਲਾ'**॥ (ਬਾਧਿਲਾ—ਬੰਨ੍ਹਿਆ) (੧੧੬੫)
ਆਲਾਵੰਤੀ ਇਹੁ ਭ੍ਰਮੁ ਜੋ ਹੈ
ਮੁਝ ਊਪਰਿ ਸਭ **'ਕੋਪਿਲਾ'**॥ (ਕੋਪਿਲਾ—ਗੁਸੇ ਹੋਇਆ) (੧੨੯੨)
ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ **ਬੰਚਲਾ**॥ (ਬੰਚਲਾ—ਠੱਗਿਆ ਗਿਆ) (੧੩੯੨)

ਇਸੇ ਤਰ੍ਹਾਂ ਸ਼ਬਦ ਦੈਲਾ, ਭੈਲਾ, ਭੇਟੁਲਾ, ਡੀਠੁਲਾ, ਛੂਟਲਾ, ਘੂਟਲਾ, ਬਜਾਇਲਾ, ਸਮਾਇਲਾ, ਜਪਲਾ, ਭੈਇਲਾ, ਲਾਗਿਲਾ, ਹੋਇਲਾ ਆਦਿ **ਕ੍ਰਿਆਵਾਚੀ** ਹਨ ਤੇ **ਭੂਤ ਕਾਲ** ਦੇ ਅਰਥਾਂ ਦੇ ਲਖਾਇਕ ਹਨ।

(ਅ) ਜੇ ਕਰ ਸ਼ਬਦਾਂ ਦੇ ਅੰਤ ਵਿਚ 'ਬਾ' ਆਵੇ ਤਾਂ ਉਹ ਭਵਿਖਤ ਕਾਲ ਦੇ ਸੂਚਕ ਹੁੰਦੇ ਹਨ। ਜਿਵੇਂ :

ਜੋ ਕਿਛੁ ਕਰਹਿ ਸੋਈ ਪਰੁ 'ਹੋਇਬਾ' ਅਵਰੁ ਨ ਕਰਣਾ ਜਾਇ॥

(੧੩੨੯)

(ਪਰੁ ਹੋਇਬਾ—ਜ਼ਰੂਰ ਹੋਵੇਗਾ)

(ੲ) ਕ੍ਰਿਆਵਾਚੀ ਸ਼ਬਦਾਂ ਦੇ ਅੰਤ ਵਿਚ ਕੰਨਾ, ਵਰਤਮਾਨ ਕਾਲ : ਉਤਮ ਪੁਰਖ ਇਕ ਵਚਨ ਦੇ ਅਰਥਾਂ ਵਿਚ

ਜਿਉ ਤੂੰ ਰਾਖਹਿ ਤਿਉ '**ਰਹਾ**', ਮੁਖਿ ਨਾਮ ਹਮਾਰੇ॥ (ਰਹਾਂ—ਮੈਂ ਰਹਿੰਦਾ ਹਾਂ)

(੪੨੧)

ਹਉ '**ਜੀਵਾ**' ਤੁਧ ਸਾਲਾਹਿ, ਮੈ ਟੇਕ ਅਧਾਰੁ ਤੂੰ॥ (ਜੀਵਾਂ—ਮੈਂ ਜੀਊਂਦਾ ਹਾਂ)

(੪੨੨)

ਆਦਿ ਪੁਰਖਿ ਇਕੁ ਚਲਤੁ ਦਿਖਾਇਆ,
ਜਹ '**ਦੇਖਾ**' ਤਹ ਸੋਈ॥ (ਦੇਖਾਂ—ਮੈਂ ਦੇਖਦਾ ਹਾਂ)

(੪੩੭)

ਕ੍ਰਿਆਵਾਚੀ ਸ਼ਬਦ ਰਹਾਂ, ਜੀਵਾਂ, ਦੇਖਾਂ ਜੋ ਵਰਤਮਾਨ ਕਾਲ ਉਤਮ ਪੁਰਖ ਇਕ ਵਚਨ ਦੇ ਲਖਾਇਕ ਹਨ, **ਬਿੰਦੀ ਸਹਿਤ** ਬੋਲੇ ਜਾਣਗੇ।

(ਸ) ਕ੍ਰਿਆਵਾਚੀ ਸ਼ਬਦਾਂ ਦੇ ਅੰਤ ਵਿਚ ਕੰਨਾ, ਭਵਿਖਤ ਕਾਲ, ਉਤਮ ਪੁਰਖ ਇਕ ਵਚਨ ਦੇ ਅਰਥਾਂ ਵਿਚ :

ਹਉ ਨਾਹੀ ਕਿਛੁ ਮੈ ਕਿਆ '**ਹੋਸਾ**', ਸਭ ਤੁਮ ਹੀ ਕਲ ਧਾਰੀ॥

(੧੨੦੯)

ਜਿਨਿ ਨਾਮੁ ਦੀਆ ਤਿਸੁ '**ਸੇਵਸਾ**', ਤਿਸੁ ਬਲਿਹਾਰੈ ਜਾਉ॥ (੯੩੪)
ਪਿਆਰੇ ਹਰਿ ਬਿਨ ਪ੍ਰੇਮੁ ਨ '**ਖੇਲਸਾ**'॥ (੪੫੨)
ਕਿਉ ਪਾਈ, ਗੁਰੁ, ਜਿਤੁ ਲਗਿ ਪਿਆਰਾ '**ਦੇਖਸਾ**'॥ (੪੫੨)
ਹਰਿ ਦਾਤੜੇ, ਮੇਲਿ ਗੁਰੁ ਮੁਖਿ ਗੁਰਮੁਖਿ '**ਮੇਲਸਾ**'॥ (੪੫੨)

ਹੋਸਾ—ਮੈਂ ਹੋਵਾਂਗਾ। ਸੇਵਸਾ—ਮੈਂ ਸੇਵਾਂਗਾ। ਖੇਲਸਾਂ—ਮੈਂ ਖੇਲਾਂਗਾ। ਦੇਖਸਾ—ਮੈਂ ਦੇਖਾਂਗਾ। ਮੇਲਸਾ—ਮੈਂ ਮੇਲਾਂਗਾ।

ਅਜਿਹੇ ਸਾਰੇ ਸ਼ਬਦ ਉਤਮ ਪੁਰਖ ਇਕ ਵਚਨ ਦੇ ਲਖਾਇਕ ਹਨ। ਇਹਨਾਂ ਦਾ ਉਚਾਰਨ **ਬਿੰਦੀ ਲਗਾ ਕੇ** ਕੀਤਾ ਜਾਵੇਗਾ, ਜਿਵੇਂ ਖੇਲਸਾਂ, ਸੇਵਸਾਂ, ਹੋਸਾਂ, ਮੇਲਸਾਂ ਆਦਿ।

4. ਨਾਵਾਂ ਅਤੇ ਪੜਨਾਵਾਂ ਦੇ ਅੰਤ ਵਿਚ ਆਉਣ ਵਾਲੇ ਕੰਨੇ ਜਾਂ ਬਿੰਦੀ ਕੰਨੇ ਵਿਚੋਂ ਆਮ ਤੌਰ ਤੇ ਕਾਰਕਾਂ ਨੂੰ ਦੱਸਣ ਵਾਲੇ (ਨੂੰ, ਦੇ, ਆਦਿ) ਅਰਥ ਨਿਕਲਦੇ ਹਨ। ਜਿਵੇਂ :-

'**ਹੰਸਾ**' ਵੇਖਿ ਤਰੰਦਿਆ **ਬਗਾਂ** ਭਿ ਆਯਾ ਚਾਉ॥ (੫੮੫)

'**ਤਿਨਾ**' ਦੇਖਿ ਮਨਿ ਚਾਉ ਉਠੰਦਾ, ਹਉ ਕਦਿ ਪਾਈ **ਗੁਣਤਾਸਾ**॥ (੭੦੩)

'**ਗੁਰਸਿਖਾ**' ਮਨਿ ਹਰਿ ਪ੍ਰੀਤਿ ਹੈ, ਹਰਿ ਨਾਮ ਹਰਿ ਤੇਰੀ ਰਾਮਰਾਜੇ॥ (੪੫੧)

ਗੁਰ ਕਿਰਪਾ ਤੇ ਸੇ ਜਨ ਜਾਗੇ, '**ਜਿਨਾ**' ਹਰਿ ਮਨਿ ਵਸਿਆ,
ਬੋਲਹਿ ਅੰਮ੍ਰਿਤ ਬਾਣੀ॥ (੯੨੦)

(ਹੰਸਾ—ਹੰਸਾਂ ਨੂੰ, ਤਿਨਾ—ਤਿਨਾਂ ਨੂੰ, ਗੁਣਤਾਸਾ—ਗੁਣਤਾਸ ਨੂੰ, ਗੁਰਸਿਖਾਂ—ਗੁਰਸਿਖਾਂ ਦੇ, ਜਿਨਾ—ਜਿਨ੍ਹਾਂ ਦੇ)

5. **ਸੰਸਕ੍ਰਿਤ ਦੇ ਇਕ ਵਚਨ ਇਸਤ੍ਰੀ ਲਿੰਗ ਸ਼ਬਦਾਂ ਨਾਲ ਕੰਨੇ ਦੀ ਵਰਤੋਂ।**

ਡੰਡ ਕਮੰਡਲ '**ਸਿਖਾ**' ਸੂਤੁ ਧੋਤੀ, ਤੀਰਥਿ ਗਵਨੁ ਅਤਿ ਭ੍ਰਮਨੁ ਕਰੈ॥ (੧੧੨੭)

ਸਚੁ '**ਸਰਾ**' ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥ (੧੫)

'**ਸੁਰਾ**' ਅਪਵਿਤ੍ਰ ਨਤ ਅਵਰ ਜਲ ਰੇ, ਸੁਰਸਰੀ ਮਿਲਤ ਨਹਿ ਹੋਇ ਆਨੰ॥ (੧੨੯੩)

ਜਨ ਨਾਨਕ ਹਰਿ ਕੀ ਲਾਗਾ '**ਕਾਰਾ**'॥ (੨੧੨)

ਬਾਛਤ ਨਾਹੀ ਸੁ '**ਬੇਲਾ**' ਆਈ॥ (੩੭੮)

ਉਪਰੋਕਤ ਤੁਕਾਂ ਅੰਦਰ ਵਰਤੇ ਗਏ ਸ਼ਬਦ ਸਿਖਾ, ਸਰਾ, ਕਾਰਾ, ਬੇਲਾ **ਇਸਤ੍ਰੀ ਲਿੰਗ ਇਕ ਵਚਨ** ਹਨ। ਇਹਨਾਂ ਦਾ ਉਚਾਰਨ ਸ਼ਿਖਾ, ਸਰਾ, ਕਾਰਾ, ਬੇਲਾ **ਬਿਨਾਂ ਕੰਨਾ ਬਿੰਦੀ** ਤੋਂ ਹੋਵੇਗਾ।

ਅਰਥ ਹਨ : ਸ਼ਿਖਾ—ਸਿਰ ਦੇ ਵਾਲਾਂ ਦੀ ਬੋਦੀ। ਸਰਾ—ਸ਼ਰਾਬ। ਸੁਰਾ—ਸ਼ਰਾਬ। ਕਾਰਾ—ਕੰਮ। ਬੇਲਾ—ਘੜੀ।

6. ਪਿਆਰ ਪ੍ਰਗਟਾਉਣ ਵਾਲੇ ਸ਼ਬਦਾਂ ਵਿਚ ਕੰਨੇ ਦੀ ਵਰਤੋਂ ਇਕ ਵਚਨ ਦੀ ਲਖਾਇਕ ਹੁੰਦੀ ਹੈ। ਜਿਵੇਂ :

ਜੋ ਦੀਸੈ '**ਗੁਰਸਿਖੜਾ**' ਤਿਸੁ ਨਿਵਿ ਨਿਵਿ ਲਾਗਉ ਪਾਇ ਜਾਉ॥ (੭੬੩)

'**ਮਿਠਬੋਲੜਾ**' ਜੀ ਹਰਿ ਸਜਣੁ ਸੁਆਮੀ ਮੋਰਾ॥ (੭੮੪)

ਇਸ ਪ੍ਰਕਾਰ, ਇਠੜਾ, ਮਿਠੜਾ, ਰਸੀਅੜਾ, ਜਾਨੀਅੜਾ ਆਦਿ ਸ਼ਬਦ ਹਨ। ਇਹ ਸਭ ਬਿਨਾਂ ਬਿੰਦੀ ਤੋਂ ਬੁਲਾਏ ਜਾਂਦੇ ਹਨ।

7. ਕਈ ਸ਼ਬਦਾਂ ਨੂੰ 'ੜਾ' ਪਿਛੇਤਰ ਰੂਪ ਵਿਚ ਲੱਗਣ ਨਾਲ ਉਨ੍ਹਾਂ ਦੇ ਛੋਟੇ ਰੂਪ ਪ੍ਰਗਟ ਕਰਦਾ ਹੈ, ਜਿਵੇਂ ਰੁਖ ਤੋਂ ਰੁਖੜਾ, ਵਛਾ ਤੋਂ ਬਛੜਾ ਆਦਿ।

ਲਾਂ (ੇ)

1. ਕਈ ਵੇਰ ਕਾਵਿ ਤੋਲ ਪੂਰਾ ਕਰਨ ਹਿਤ ਸਿਹਾਰੀ ਦੀ ਥਾਂ, ਲਾਂ ਵਰਤੀ ਗਈ ਹੈ ਜਿਵੇਂ:

ਪੜੇ— ਪੜਿ, ਅਰਥ ਹੈ ਪੜ ਕੇ।
ਕਬਿਤ **ਪੜੇ** ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ॥ (੬੫੪)

ਸੰਗੇ— ਸੰਗਿ, ਅਰਥ ਹੈ ਨਾਲ।
ਪੇਖਤ ਸੁਨਤ ਸਦਾ ਹੈ **ਸੰਗੇ** ਮੈ ਮੂਰਖ ਜਾਨਿਆ ਦੂਰੀ ਰੇ॥ (੬੧੨)

ਧੁਰੇ— ਧੁਰਿ, ਧੁਰ ਤੋਂ।
ਸੋਈ ਵਰਤੈ ਜਗਿ, ਜਿ ਕੀਆ ਤੁਧੁ **ਧੁਰੇ**॥ (੫੨੧)

ਉਪਰੇ— ਉਪਰਿ, ਅਰਥ ਹੈ ਉਪਰ।
ਮੁਖੁ ਤਲੈ ਪੈਰ **ਉਪਰੇ** ਵਸੰਦੋ ਕੁਹਥੜੈ ਥਾਇ॥ (੭੦੬)

ਕੁੰਭੇ— ਕੁੰਭਿ, ਅਰਥ ਹੈ ਕੁੰਭ ਵਿਚ।
ਕੁੰਭੇ ਬਧਾ ਜਲੁ ਰਹੈ, ਜਲ ਬਿਨੁ ਕੁੰਭੁ ਨ ਹੋਇ॥ (੪੬੯)

ਘਰੇ— ਘਰਿ, ਅਰਥ ਹੈ ਘਰ ਵਿਚ।
ਮੇਰੇ ਮਨ ਪਰਦੇਸੀ ਵੇ ਪਿਆਰੇ ਆਉ **ਘਰੇ**॥ (੪੫੨)

ਇਸੇ ਤਰ੍ਹਾਂ ਮਧਿ ਤੋਂ ਮਧੇ, ਮੁਹਿ ਤੋਂ ਮੁਹੇ, ਧੋਹਿ ਤੋਂ ਧੋਹੇ ਆਦਿ ਸ਼ਬਦਾਂ ਵਿਚ ਵਰਤੀ ਗਈ ਲਾਂ, ਸਿਹਾਰੀ ਵਿਚੋਂ ਨਿਕਲਣ ਵਾਲੇ ਅਰਥ ਪ੍ਰਗਟ ਕਰਦੀ ਹੈ।

2. ਕ੍ਰਿਆਵਾਚੀ ਸ਼ਬਦਾਂ ਦੇ ਅਖੀਰਲੇ ਅੱਖਰ ਨੂੰ ਲੱਗੀ ਲਾਂ ਵਿਚੋਂ ਵਰਤਮਾਨ ਕਾਲ, ਅੱਨ ਪੁਰਖ, ਇਕ ਵਚਨ ਦੇ ਅਰਥ ਨਿਕਲਦੇ ਹਨ। ਜਿਵੇਂ :

(ੳ) ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ **'ਬੂਝਏ'**॥(੮੪੪)
ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ **'ਭਾਵਏ'**॥(੯੧੮)
ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ **ਪਾਵਏ**॥ (੯੧੮)
ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ **ਵਸਾਵਏ**॥ (੯੧੭)

ਬੂਝਏ—ਬੁਝਦਾ ਹੈ। ਭਾਵਏ—ਭਾਉਂਦਾ ਹੈ। ਪਾਵਏ—ਪਾਉਂਦਾ ਹੈ। ਵਸਾਵਏ—ਵਸਾਉਂਦਾ ਹੈ। ਇਸੇ ਪ੍ਰਕਾਰ, ਸੂਝਏ—ਸੁਝਦਾ ਹੈ। ਪਛਾਣਏ—ਪਛਾਣਦਾ ਹੈ। ਜਾਣਏ—ਜਾਣਦਾ ਹੈ। ਵਖਾਣਏ—ਵਖਾਣਦਾ ਹੈ। ਪਹੁੰਚਾਵਏ—ਪਹੁੰਚਾਉਂਦਾ ਹੈ। ਲਾਵਏ—ਲਾਉਂਦਾ ਹੈ ਆਦਿ।

(ਅ) ਹਰਿ ਹਰਿ ਨਾਮੁ ਧਿਆਈਐ ਜਿਸ ਨਉ ਕਿਰਪਾ **'ਕਰੇ'** ਰਜਾਇ॥ (੨੮)
ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿਧਾਰਿ॥

ਮਨੁ ਤਨੁ **ਸਉਪੇ** ਆਗੈ **ਧਰੇ** ਹਉਮੈ ਵਿਚਹੁ ਮਾਰਿ॥ (੨੮)

ਜਾ ਕਉ ਗੁਰੁ ਹਰਿ ਮੰਤ੍ਰੁ **ਦੇ**॥ ਸੋ ਉਬਰਿਆ ਮਾਇਆ ਅਗਨਿ ਤੇ॥ (੨੧੧)

ਕਰੇ—ਕਰਦਾ ਹੈ। ਸਉਪੇ—ਸਉਂਪਦਾ ਹੈ। ਧਰੇ—ਧਰਦਾ ਹੈ। ਦੇ—ਦੇਂਦਾ ਹੈ।

ਵਰਤਮਾਨ ਕਾਲ, ਅੱਨ ਪੁਰਖ, ਬਹੁ-ਵਚਨ :

(ੳ) ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ **ਧਿਆਵਹੇ**॥ (੯੧੯)

ਭਗਤਿ ਭਾਇ ਧਿਆਇ ਸੁਆਮੀ ਸਦਾ ਹਰਿ ਗੁਣ **ਗਾਵਹੇ**॥ (੪੫੯)

ਸੁਰਿ ਨਰ ਸੁਘੜ ਸੁਜਾਣ ਗਾਵਹਿ ਜੋ ਤੇਰੈ ਮਨਿ **ਭਾਵਹੇ**॥ (੫੬੬)

ਧਿਆਵਹੇ—ਧਿਆਉਂਦੇ ਹਨ। ਗਾਵਹੇ—ਗਾਉਂਦੇ ਹਨ। ਭਾਵਹੇ—ਭਾਉਂਦੇ ਹਨ। ਇਸੇ ਤਰ੍ਹਾਂ, ਪਾਵਹੇ—ਪਾਉਂਦੇ ਹਨ। ਗਾਵਹੇ—ਗਾਉਂਦੇ ਹਨ.........ਆਦਿ।

(ਅ) ਅਠੇ ਪਹਰ ਇਕਤੈ ਲਿਵੈ **ਮੰਨੇਨਿ** ਹੁਕਮੁ ਅਪਾਰੁ॥ (੯੫੯)

ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ **ਲੁਟੇਨਿ** ਸੁ ਪੰਚ ਜਨਾ॥ (੧੫੫)

ਮੰਨੇਨਿ—ਮੰਨਦੇ ਹਨ। ਲੁਟੇਨਿ—ਲੁਟਦੇ ਹਨ। ਲੋੜੇਨਿ—ਲੋੜਦੇ ਹਨ।

ਵਰਤਮਾਨ ਕਾਲ, ਮਧਮ ਪੁਰਖ, ਇਕ ਵਚਨ

ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ '**ਜਾਣਹੇ**'॥ (੯੧੮)

ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ **ਪਾਵਹੇ**॥ (੯੧੯)

ਸਾਚਾ ਮੁਰਾਰੇ ਤਾਮਿ ਜਾਪਹਿ ਜਾਮਿ ਮੰਨਿ **ਵਸਾਵਹੇ**॥ (੫੬੭)

ਤੂ ਜਾਣਹੇ—ਤੂੰ ਜਾਣਦਾ ਹੈਂ। ਪਾਵਹੇ—ਤੂੰ ਪਾਉਂਦਾ ਹੈਂ। ਵਸਾਵਹੇ— ਤੂੰ ਵਸਾਉਂਦਾ ਹੈਂ। ਇਸੇ ਪ੍ਰਕਾਰ, ਚਲਾਵਹੇ—ਤੂੰ ਚਲਾਉਂਦਾ ਹੈਂ। ਚੁਕਾਵਹੇ—ਤੂੰ ਚੁਕਾਉਂਦਾ ਹੈਂ।

ਭੂਤ ਕਾਲ, ਅਨਯ ਪੁਰਖ, (Passive Voice) ਕਰਮਨੀ ਵਾਚ

'**ਤਜੀ ਲੇ**' ਬਨਾਰਸ ਮਤਿ ਭਈ ਥੋਰੀ॥ (੩੨੬)

ਆਨੀਲੇ ਕੁੰਭ '**ਭਰਾਈਲੇ**' ਊਦਕ ਠਾਕੁਰ ਕਉ ਇਸਨਾਨੁ ਕਰਉ॥ (੪੮੫)

ਆਨੀਲੇ ਫੂਲ **ਪਰੋਈਲੇ** ਮਾਲਾ ਠਾਕੁਰ ਕੀ ਹਉ ਪੂਜ ਕਰਉ॥ (੪੮੫)

ਆਨੀਲੇ ਦੂਧੁ **ਰੀਧਾਈਲੇ** ਖੀਰੰ ਠਾਕੁਰ ਕਉ ਨੈਵੇਦੁ ਕਰਉ॥ (੪੮੫)

ਤਜੀਲੇ—ਤਜ ਦਿਤੀ। ਭਰਾਈਲੇ—ਭਰਾਇਆ। ਪਰੋਈਲੇ—ਪਰੋ ਲਈ। ਰੀਧਾਈਲੇ—ਰਿਧਾ ਲਈ। ਆਨੀਲੇ—ਲੈ ਆਂਦਾ। ਇਸੇ ਪ੍ਰਕਾਰ ਲਾਗ਼ੀਲੇ, ਭਰੀਲੇ, ਤਾਰੀਅਲੇ, ਤਜੀਅਲੇ, ਪੇਖੀਅਲੇ, ਚੇਤੀਅਲੇ ਆਦਿ ਸ਼ਬਦ ਮਰਾਠੀ ਬੋਲੀ ਦੇ

ਸ਼ਬਦ ਹਨ ਜੋ ਭੂਤ ਕਾਲ ਬਣਾਉਣ ਲਈ, ਧਾਤੂ ਦੇ ਪਿਛੇ 'ਲੇ' ਲਗਾ ਕੇ ਵਰਤੇ ਗਏ ਹਨ।

ਭਵਿਖਤ ਕਾਲ, ਮਧਮ ਪੁਰਖ, ਇਕ ਵਚਨ

(ੳ) ਗਾਰਬਿ ਲਾਗਾ ਜਾਹਿ ਮੁਗਧ ਮਨ ਅੰਤਿ ਗਇਆ **ਪਛੁਤਾਵਹੇ**॥ (੪੪੧)

(ਅ) ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ **ਗਵਾਵਹੇ**॥ (੪੪੧)

(ੲ) ਨਾਨਕੁ ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ **ਜਾਵਹੇ**॥ (੪੪੧)

ਪਛੁਤਾਵਹੇ—ਤੂੰ ਪਛਤਾਏਂਗਾ। ਗਵਾਵਹ—ਤੂੰ ਗਵਾਇੰਗਾ। ਜਾਵਹੇ—ਤੂੰ ਜਾਹਿੰਗਾ

3. ਨਾਵਾਂ ਨਾਲ ਅੰਤ ਵਿਚ, ਲਾਂ ਦੀ ਵਰਤੋਂ ਨਾਲ, ਸੰਬੰਧਕੀ ਪਦਾਂ ਦੇ ਅਰਥ ਨਿਕਲਦੇ ਹਨ।

   ਸਬਦੇ ਦੂਖ ਨਿਵਾਰਣਹਾਰਾ॥ (ਸ਼ਬਦ ਦੁਆਰਾ) (੧੦੫੩)

   ਆਦਿ **ਗੁਰਏ** ਨਮਹ॥ (ਗੁਰੂ ਨੂੰ) (੨੬੨)

   ਨਾਮੇ ਉਪਜੈ ਨਾਮੇ ਬਿਨਸੈ ਨਾਮੇ ਸਚਿ ਸਮਾਇ॥ (ਨਾਮ ਤੋਂ, ਨਾਮ ਨਾਲ) (੨੪੬)

   ਨਾਮੇ ਪ੍ਰੀਤਿ ਨਾਰਾਇਣ ਲਾਗੀ॥ (ਨਾਮਦੇਵ ਦੀ) (੧੧੬੪)

4. ਵਿਸ਼ੇਸ਼ਣਾਂ ਨੂੰ ਸੰਬੋਧਨ ਰੂਪ ਵਿਚ ਵਰਤਣ ਹਿਤ ਉਨ੍ਹਾਂ ਦੇ ਅੰਤਲੇ ਅੱਖਰ ਨਾਲ 'ਲਾਂ' ਦੀ ਵਰਤੋਂ ਹੁੰਦੀ ਹੈ। ਜਿਵੇਂ :

   ਪਾਂਡੇ ! ਐਸਾ ਬ੍ਰਹਮ ਬੀਚਾਰੁ॥ (ਹੇ ਪੰਡਿਤ) (੩੫੫)

   ਪਿਆਰੇ ! ਇਨ ਬਿਧਿ ਮਿਲਣੁ ਨ ਜਾਈ; (ਪਿਆਰੇ—ਹੇ ਪਿਆਰੇ) (੬੪੧)

   ਮੈ ਕੀਏ ਕਰਮ ਅਨੇਕਾ॥

   ਅੰਧੇ ! ਜੀਵਨਾ ਵੀਚਾਰਿ, ਦੇਖਿ ਕੇਤੇ ਕੇ ਦਿਨਾ॥(ਅੰਧੇ—ਹੇ ਅਗਿਆਨੀ) (੬੬੦)

5. ਪਦ 'ਸੇ' ਸਦਾ ਹੀ ਬਹੁ ਵਚਨ ਦਾ ਅਤੇ 'ਸੋ' ਇਕ ਵਚਨ ਦਾ ਸੂਚਕ ਹੁੰਦਾ ਹੈ।

   'ਸੇ' ਉਧਰੇ ਜਿਨ ਰਾਮ ਧਿਆਏ॥ (੧੩੧੨)

   ਨਾਨਕ 'ਸੇ' ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥ (੧੧੦੦)

   ਸੋ—ਇਕ ਵਚਨ।

   ਸਭਨਾਂ ਰਾਗਾਂ ਵਿਚਿ 'ਸੋ' ਭਲਾ ਭਾਈ ਜਿਤੁ ਵਸਿਆ ਮਨਿ ਆਇ॥ (੧੪੨੩)

   'ਸੋ' ਐਸਾ ਹਰਿ ਧਿਆਈਐ ਮੇਰੇ ਜੀਅੜੇ
   ਤਾ ਸਰਬ ਸੁਖ ਪਾਵਹਿ ਮੇਰੇ ਮਨਾ॥ (੬੬੯)

6. ਕ੍ਰਿਆਵਾਚੀ ਸ਼ਬਦਾਂ ਦੇ ਅੰਤਲੇ ਅੱਖਰ ਨੂੰ 'ਲਾਂ' ਲੱਗਣ ਨਾਲ ਕਈ ਸ਼ਬਦ ਸੰਬੋਧਨ, ਵਿਸਮਿਕ ਭਾਵ—ਅਰਥ ਦੇ ਸੂਚਕ ਦਿੰਦੇ ਹਨ, ਜਿਵੇਂ :

(ੳ) ਬਿਛੁਰਤਿ ਕਿਉ ਜੀਵੇ ਓਇ ਜੀਵਨ॥ (੧੨੬੮)
ਮਨ ਬੈਰਾਗੀ! ਕਿਉ ਨ **ਅਰਾਧੇ**॥ (੪੦੨)
ਸੋ ਦਰੁ ਤੇਰਾ ਕੇਹਾ, ਸੋ ਘਰੁ ਕੇਹਾ, ਜਿਤੁ ਬਹਿ ਸਰਬ **ਸਮਾਲੇ**॥ (੮)
ਸਭਨਾ ਗਲਾ ਸਮਰਥੁ ਸੁਆਮੀ, ਸੋ ਕਿਉ ਮਨਹੁ **ਵਿਸਾਰੇ**॥ (੯੧੭)

ਉਪਰੋਕਤ ਤੁਕਾਂ ਵਿਚ ਜੀਵੇ, ਅਰਾਧੇ, ਸਮਾਲੇ, ਵਿਸਾਰੇ ਦਾ ਉਚਾਰਨ ਜੀਵੇਂ, ਅਰਾਧੇਂ, ਸਮਾਲੇਂ, ਵਿਸਾਰੇਂ, ਬਿੰਦੀ ਲਗਾ ਕੇ ਕੀਤਾ ਜਾਣਾ ਚਾਹੀਦਾ ਹੈ।

ਦੁਲਾਈਆਂ (ੈ)

1. ਨਾਵਾਂ ਅਤੇ ਵਿਸ਼ੇਸ਼ਣਾਂ ਦੇ ਅੰਤਲੇ ਅੱਖਰ ਨੂੰ ਲੱਗੀਆਂ ਦੁਲਾਈਆਂ ਵਿਚੋਂ ਸੰਬੰਧਕੀ ਪਦ ਵਾਲੇ ਅਰਥ ਨਿਕਲਦੇ ਹਨ। ਜਿਵੇਂ :

(ੳ) **ਪੇਈਅੜੈ** ਸਹੁ ਸੇਵਿ ਤੂੰ, **ਸਾਹੁਰੜੈ** ਸੁਖਿ ਵਸੁ॥ (੫੦)
ਪੇਈਅੜੈ—ਪੇਕੇ ਘਰ ਵਿਚ। ਸਾਹੁਰੜੈ—ਸਹੁਰੇ ਘਰ ਵਿਚ।

(ਅ) ਹਉ ਮੂਰਖੁ **ਕਾਰੈ** ਲਾਇਆ, ਨਾਨਕ ਹਰਿ ਕੰਮੇ॥ (ਸੇਵਾ ਵਿਚ) (੪੪੯)

(ੲ) **ਕੋਰੈ** ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ॥ (ਕੋਰੇ ਕਪੜੇ ਉਤੇ) (੭੩੨)

(ਸ) ਅੰਦਰਿ ਸਚਾ ਨੇਹੁ ਲਾਇਆ **ਪ੍ਰੀਤਮ ਆਪਣੈ**॥ (ਆਪਣੇ ਪ੍ਰੀਤਮ ਦਾ) (੭੫੮)

(ਹ) **ਬਾਲਮੀਕੈ** ਹੋਆ ਸਾਧ ਸੰਗੁ॥ (ਬਾਲਮੀਕ ਨੂੰ) (੧੧੯੨)
(ਕ) **ਧੰਨੈ** ਸੇਵਿਆ ਬਾਲ ਬੁਧਿ॥ (ਧੰਨੇ ਨੇ) (੧੧੯੨)
(ਖ) ਸਭੁ ਕੋ **ਆਸੈ** ਤੇਰੀ ਬੈਠਾ॥ (ਆਸ ਤੇ) (੯੭)
(ਗ) ਹਉ ਵਾਰੀ ਜਿਤੁ **ਸੋਹਿਲੈ** ਸਦਾ ਸੁਖੁ ਹੋਇ॥ (ਸੋਹਿਲੇ ਕਰਕੇ) (੧੨)
(ਘ) ਇਕਨ੍ਹਾ ਗਲੀਂ ਜੰਜੀਰ ਬੰਦਿ **ਰਬਾਣੀਐ**॥ (ਰੱਬ ਦੀ) (੧੨੮੭)
(ਙ) ਸਭੋ ਸੂਤਕੁ ਭਰਮੁ ਹੈ **ਦੂਜੈ** ਲਗੈ ਜਾਇ॥ (ਦੂਜੇ ਨਾਲ) (੪੭੨)

ਇਸੇ ਤਰ੍ਹਾਂ ਚਉਕੈ, ਪੇੜੈ, ਸੰਜੈ, ਲੇਖੈ, ਸੁਖੈ, ਕੂੜੈ ਆਦਿ ਸ਼ਬਦ ਹਨ।

2. ਜਿਸ ਨਾਂਵ ਦੇ ਨਾਲ ਸੰਬੰਧਕੀ ਪਦ ਵਰਤਿਆ ਜਾਣਾ ਹੋਵੇ, ਉਸ ਦੇ ਅੰਤ ਵਿਚ ਦੁਲਾਵਾਂ ਆਉਂਦੀਆਂ ਹਨ। ਜਿਵੇਂ :-

ਘਰੈ ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ॥ (੪੨੫)
ਨਾਵੈ ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥ (੫੬੦)
ਮੂਰਖੈ ਮੂਰਖੈ ਨਾਲਿ ਨ ਲੁਝੀਐ॥ (੪੭੩)

3. ਜਦੋਂ ਕਿਸੇ ਨਾਂਵ ਨਾਲ ਸਿਹਾਰੀ (ਜਾਂ ਦੁਲਾਈਆਂ) ਲੱਗੀ ਹੋਵੇ ਤਾਂ ਉਸਦੇ ਵਿਸ਼ੇਸ਼ਣ ਦੇ ਅੰਤ ਵਿਚ 'ਲਾਂ' ਦੀ ਥਾਂ 'ਦੁਲਾਈਆਂ' ਆਉਣਗੀਆਂ।

ਅੰਧੈ ਮੂਰਖਿ **ਅੰਧੈ** ਪਤਿ ਗਵਾਈ॥ (੪੬੭)

ਪੂਰੈ ਗੁਰਿ **ਪੂਰੈ** ਮਿਹਰਵਾਨਿ ਭਰਮੁ ਭਉ ਮਾਰਿਆ॥ (੯੫੪)

ਭੀੜੈ ਰਾਹਿ **ਭੀੜੈ** ਅਗੈ ਜਾਵਣਾ॥ (੪੭੧)

ਸਬਾਇਐ ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ **ਸਬਾਇਐ** ਜਗਿ॥ (੧੩੮੨)

ਮੇਰੈ ਭਲਕੇ ਉਠਿ ਪਰਾਹੁਣਾ **ਮੇਰੈ** ਘਰਿ ਆਵਉ॥

ਕਚੈ ਫਰੀਦਾ **ਕਚੈ ਭਾਂਡੈ** ਰਖੀਐ ਕਿਚਰੁ ਤਾਈ ਨੀਰੁ॥ (੧੩੮੨)

ਪਹਿਲੈ **ਪਹਿਲੈ ਪਹਰੈ** ਫੁਲੜਾ ਫਲੁ ਭੀ ਪਛਾ ਰਾਤਿ॥ (੧੩੮੪)

ਭੀਹਾਵਲੈ **ਬਨਿ ਭੀਹਾਵਲੈ** ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿਨਾਮਾ॥ (੫੧੯)

ਤੇਰੈ ਭਗਤ, **ਤੇਰੈ** ਮਨਿ, ਭਾਵਦੇ॥ (੪੬੮)

ਇਸ ਤੁਕ ਦਾ ਅਰਥ ਹੈ, ਭਗਤ ਲੋਕ, ਤੇਰੇ ਮਨ ਨੂੰ ਚੰਗੇ ਲਗਦੇ ਹਨ। ਇਸਦਾ ਅਰਥ ਇਹ ਨਹੀਂ ਕਿ ਤੇਰੇ ਭਗਤ, ਮਨ ਨੂੰ ਭਾਉਂਦੇ ਹਨ। '**ਤੇਰੈ**' ਦਾ ਸੰਬੰਧ '**ਮਨਿ**' ਨਾਲ ਹੈ, ਭਗਤ ਨਾਲ ਨਹੀਂ।

4. ਕ੍ਰਿਆਵਾਚੀ ਸ਼ਬਦਾਂ ਦੇ ਅੰਤ ਵਿਚ ਲੱਗੀਆਂ ਦੁਲਾਈਆਂ ਵਿਚੋਂ ਵਰਤਮਾਨ ਕਾਲ ਵਾਲੇ ਅਰਥ ਨਿਕਲਦੇ ਹਨ। ਜਿਵੇਂ :-

ਅੱਨ ਪੁਰਖ, ਇਕ ਵਚਨ (ਵਰਤਮਾਨ ਕਾਲ)

ਤੋਟਿ ਨ **ਆਵੈ** ਕਦੇ ਮੂਲਿ ਪੂਰਨ ਭੰਡਾਰ॥ (੯੧੭)

ਸਦਾ ਸਦਾ ਹਰਿ ਧਿਆਈਐ ਕਿਛੁ ਬਿਘਨੁ ਨ **ਲਾਗੈ**॥ (੯੧੭)

ਹਰਿ ਕੈ ਰੰਗਿ ਰਤਾ ਮਨੁ **ਗਾਵੈ** ਰਸਿ ਰਸਾਲ ਗਸਿ ਸਬਦੁ ਰਵਈਆ॥ (੯੩੫)

ਅਗਿਆਨੀ ਮਾਨੁਖ ਭਇਆ ਜੋ ਨਾਹੀ ਸੋ **ਲੋਰੈ**॥ (੨੧੨)

ਪ੍ਰਣਵੈ ਨਾਮਦੇਉ ਤਾਂ ਚੀ ਆਣਿ॥ (੧੨੯੨)

ਆਵੈ—ਆਉਂਦਾ ਹੈ। ਲਾਗੈ—ਲਗਦਾ ਹੈ। ਗਾਵੈ—ਗਾਉਂਦਾ ਹੈ। ਲੋਰੈ—ਲੋੜਦਾ ਹੈ। ਪ੍ਰਣਵੈ—ਬੇਨਤੀ ਕਰਦਾ ਹੈ। ਇਸੇ ਪ੍ਰਕਾਰ ਕਰੈ, ਮਰੈ, ਤਰੈ, ਕਮਾਵੈ, ਵੇਖੈ, ਉਚਰੈ ਆਦਿ ਸ਼ਬਦ ਹਨ।

ਅਨਪੁਰਖ, ਬਹੁਵਚਨ (ਵਰਤਮਾਨ ਕਾਲ)

ਹੈ ਆਏ ਸੇ ਪਰਵਾਣੁ **ਹੈ** ਸਭ ਕੁਲ ਕਾ ਕਰਹਿ ਉਧਾਰੁ॥ (੬੬)

ਹੈ ਸਬਦਿ ਰਤੇ ਵਡਹੰਸ **ਹੈ** ਸਚੁ ਨਾਮੁ ਉਰਿਧਾਰਿ॥ (੫੮੫)

ਹੈ—ਹੈਂ, ਹਨ। ਇਹਨਾਂ ਤੁਕਾਂ ਵਿਚ '**ਹੈ**' ਦਾ ਉਚਾਰਨ ਬਿੰਦੀ ਲਗਾ ਕੇ '**ਹੈਂ**' ਕੀਤਾ ਜਾਣਾ ਸ਼ੁਧ ਹੈ।

ਭਵਿੱਖਤ ਕਾਲ, ਅਨ ਪੁਰਖ, ਇਕ ਵਚਨ

ਰੇ ਮਨ ਕਉਨ ਗਤਿ **ਹੋਇ ਹੈ** ਤੇਰੀ॥ (ਹੋਇ ਹੈ—ਹੋਵੇਗੀ)

(੧੩੫੨)

ਕਰਿ ਹੈ ਰਾਮੁ, **ਹੋਇ ਹੈ** ਸੋਇ॥ (ਕਰਿ ਹੈ—ਕਰੇਗਾ)

(੧੧੬੫)

ਬੀਤਿ ਜੈ ਹੈ ਬੀਤਿ **ਜੈ ਹੈ** ਜਨਮੁ ਅਕਾਜੁ ਰੇ॥ (ਜੈ ਹੈ—**ਜਾਇਗਾ**)

(੧੩੫੨)

ਆਜੁ ਕਾਲਿ ਫੁਨਿ ਤੋਹਿ '**ਗ੍ਰਸਿ ਹੈ**' ਸਮਝਿ ਰਾਖਉ ਚੀਤਿ॥

(ਗ੍ਰਸਿ ਹੈ—ਗ੍ਰਸੇਗਾ)

(੬੩੧)

ਨੋਟ :- ਇਹਨਾਂ ਤੁਕਾਂ ਵਿਚ 'ਹੈ' ਦਾ ਉਚਾਰਨ **ਬਿੰਦੀ ਤੋਂ ਬਿਨਾਂ 'ਹੈ' ਕਰਨਾ ਸ਼ੁਧ ਹੈ**

ਉਤਮ ਪੁਰਖ, ਇਕ ਵਚਨ, ਭਵਿੱਖਤ ਕਾਲ

ਹਉ ਤਉ ਏਕ ਰਮਈਆ **ਲੈ ਹਉ**॥ (ਲੈ ਹਉ—ਮੈਂ ਲਵਾਂਗਾ)

(੮੭੪)

ਆਨ ਦੇਵ ਬਦਲਾਵਨਿ **ਦੈ ਹਉ**॥ (ਦੈ ਹਉ—ਮੈਂ ਦਿਆਂਗਾ)

(੮੭੪)

'ਲੈ ਹਉ' ਤੇ ਦੈ ਹਉ' ਦਾ ਉਚਾਰਨ ਲੈ ਹਉਂ, ਦੈ ਹਉਂ ਬਿੰਦੀ ਲਗਾ ਕੇ ਕੀਤਾ ਜਾਣਾ ਸ਼ੁਧ ਹੈ।

ਹੁਕਮੀ ਭਵਿੱਖਤ ਕਾਲ (Imperative Mood)

ਉੱਤਮ ਪੁਰਖ, ਬਹੁ ਵਚਨ

ਗਾਵੀਐ, ਸੁਣੀਐ, ਮਨਿ ਰਖੀਐ ਭਾਉ॥ (ਜਪੁਜੀ)

ਆਉ ਸਖੀ ਸੰਤ ਪਾਸਿ ਸੇਵਾ '**ਲਾਗੀਐ**'॥ (੪੫੭)

ਪੀਸਉ ਚਰਣ ਪਖਾਰਿ ਆਪੁ '**ਤਿਆਗੀਐ**'॥ (੪੫੭)

ਸਰਣਿ ਗਹੀਜੈ ਮਾਨਿ **ਲੀਜੈ** ਕਰੇ ਸੋ ਸੁਖੁ **ਪਾਈਐ**॥ (੪੫੭)

ਕਰਿ ਦਾਸ ਦਾਸੀ ਤਜਿ ਉਦਾਸੀ ਕਰ ਜੋੜਿ ਦਿਨੁ ਰੈਣਿ **ਜਾਗੀਐ**॥ (੪੫੭)

ਕਾਮੁ ਕ੍ਰੋਧੁ ਲੋਭੁ **ਛੋਡੀਐ** ਦੀਜੈ ਅਗਨਿ ਜਲਾਇ॥ (੫੧੯)

ਗਾਵੀਐ—ਗਾਉਣਾ ਚਾਹੀਦਾ ਹੈ। ਸੁਣੀਐ—ਸੁਣਨਾ ਚਾਹੀਦਾ ਹੈ। ਰਖੀਐ—ਰਖਣਾ ਚਾਹੀਦਾ ਹੈ।

ਲਾਗੀਐ—ਆਓ, ਅਸੀਂ ਲੱਗੀਏ ਜਾਂ ਲੱਗਣਾ ਚਾਹੀਦਾ ਹੈ।

ਤਿਆਗੀਐ—ਆਓ, ਅਸੀਂ ਤਿਆਗੀਐ ਜਾਂ ਤਿਆਗਣਾ ਚਾਹੀਦਾ ਹੈ।

ਇਸੇ ਤਰ੍ਹਾਂ, ਗਹੀਜੈ—ਫੜਨਾ ਚਾਹੀਦਾ ਹੈ। ਲੀਜੈ—ਲੈਣਾ ਚਾਹੀਦਾ ਹੈ।

ਪਾਈਐ—ਲੈ ਲੈਣਾ ਚਾਹੀਦਾ ਹੈ। ਜਾਗੀਐ—ਸੁਚੇਤ ਰਹਿਣਾ ਚਾਹੀਦਾ ਹੈ। ਛੋਡੀਐ—ਛੱਡ ਦੇਣਾ ਚਾਹੀਦਾ ਹੈ।

ਕਰਮਨੀ ਵਾਚ (Passive Voice)

ਵਰਤਮਾਨ ਕਾਲ, ਅਨ ਪੁਰਖ, ਇਕ ਵਚਨ

ਨਾਨਕ ਏਵੈ **ਜਾਣੀਐ** ਸਭੁ ਆਪੇ ਸਚਿਆਰੁ॥ (ਜਪੁਜੀ)

ਸਤਿਗੁਰ ਤੇ ਸਚੁ **ਪਛਾਣੀਐ** ਸਚਿ ਸਹਜਿ ਸਮਾਣੀ॥ (੫੧੫)

ਏਤੁ ਰਾਹਿ ਪਤਿ ਪਵੜੀਆ **ਚੜੀਐ** ਹੋਇ ਇਕੀਸ॥ (ਜਪੁਜੀ)

ਨਾਨਕ ਨਦਰੀ **ਪਾਈਐ** ਕੂੜੀ ਕੂੜੈ ਠੀਸ॥ (ਜਪੁਜੀ)

ਤਿਥੈ ਘਾੜਤਿ **ਘੜੀਐ** ਬਹੁਤੁ ਅਨੂਪੁ॥ (ਜਪੁਜੀ)

ਜਾਣੀਐ—ਜਾਣਿਆ ਜਾਂਦਾ ਹੈ। ਪਛਾਣੀਐ—ਪਛਾਣਿਆ ਜਾਂਦਾ ਹੈ। ਚੜੀਐ—ਚੜ੍ਹੀਦਾ ਹੈ। ਘੜੀਐ—ਘੜੀਦਾ ਹੈ। ਪਾਈਐ—ਪਾਈਦਾ ਹੈ।

ਚਰਨ ਕਮਲ ਜਾ ਕਾ ਮਨੁ **ਰਾਪੈ**॥ (੬੮੪)

ਮਾਟੀ ਕਾ ਕਿਆ **ਧੋਪੈ** ਸੁਆਮੀ ਮਾਣਸ ਕੀ ਗਤਿ **ਏਹੀ**॥ (੮੮੨)

ਧੋਪੈ—ਧੋਇਆ ਜਾ ਸਕਦਾ ਹੈ। ਰਾਪੈ—ਰੰਗਿਆ ਜਾਂਦਾ ਹੈ।

ਨਾਨਕ ਭਗਤੀ ਜੇ **ਰਪੈ** ਕੂੜੈ ਸੋਇ ਨ ਕੋਇ॥ (੪੬੮)

ਜੇ ਰਪੈ—ਜੇ ਰੰਗਿਆ ਜਾਏ।

ਹੁਕਮੀ ਭਵਿੱਖਤ, ਮਧਮ ਪੁਰਖ, ਇਕ ਵਚਨ

ਸੇਖ ਫਰੀਦੈ ਖੈਰੁ **ਦੀਜੈ** ਬੰਦਗੀ॥ (ਦੀਜੈ—ਦਿਉ) (੪੮੮)

ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ **ਲੀਜੈ**॥

(ਲੀਜੈ—ਕੱਢ ਲੈ) (੫੯੬)

੫. **ਕੈ ਅਤੇ ਤੈ ਦੀ ਸੁਤੰਤਰ ਰੂਪ ਵਿਚ ਵਰਤੋਂ ਅਤੇ ਇਸ ਵਿਚੋਂ ਨਿਕਲਦੇ ਵੱਖ-ਵੱਖ ਅਰਥ**

(ੳ) **ਕੈ** ਬੰਧੈ **ਕੈ** ਡਾਨਿ ਲੇਇ, **ਕੈ** ਨਰਪਤਿ ਮਰਿ ਜਾਇਆ॥ ਜਾਂ (੧੬੬)

(ਅ) ਸੁਇਨੇ **ਕੈ** ਪਰਬਤਿ ਗੁਫਾ ਕਰੀ, **ਕੈ** ਪਾਣੀ ਪਾਈਆਲਿ॥ (ਦੇ, ਜਾਂ) (੧੩੯)

(ੲ) ਕਰਤੇ ਕੀ ਮਿਤਿ ਕਰਤਾ ਜਾਣੈ, **ਕੈ** ਜਾਣੈ ਗੁਰੁ ਸੂਰਾ॥ (ਜਾਂ) (੯੩੦)

(ਸ) **ਕੈ** ਦੋਖੜੇ ਸੜਿਓਹਿ, ਕਾਲੀ ਹੋਈਆ ਦੇਹੁਰੀ,
ਨਾਨਕ, ਮੈ ਤਨਿ ਭੰਗੁ॥ (ਕਿਹੜੇ ਦੁਖ ਵਿਚ) (੧੪੧੨)

(ਹ) ਆਪਣ ਹਥੀ ਜੋਲਿ ਕੈ, **ਕੈ** ਗਲਿ ਲਗੋ ਧਾਇ॥ (ਕਿਸ ਦੇ) (੧੩੭੭)
(ਕ) ਕਰਮ ਵਧਹਿ **ਕੈ** ਲੋਅ ਖਪਿ ਮਰੀਜਈ॥ (ਕਈ) (੧੨੮੫)
ਤੈ (ਬਿੰਦੀ ਰਹਿਤ)
(ੳ) ਹਰਿ ਨਾਮੁ ਨ ਸਿਮਰਹਿ ਸਾਧ ਸੰਗਿ **ਤੈ** ਤਨਿ ਉਡੈ ਖੇਹ॥ (**ਉਨ੍ਹਾਂ ਦੇ**)
(੫੫੩)

(ਅ) ਥਾਲੈ ਵਿਚ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰ॥ (ਤਿੰਨ)
(੬੪੫)
(ੲ) ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥ (ਥਾਂ) (੪੭੨)
(ਸ) ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ॥ (ਤੋਂ) (੨੭)
(ਹ) ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥ (ਅਤੇ) (੧੪੫)

ਤੈ (ਉਚਾਰਨ ਤੇ ਅਰਥ, ਬਿੰਦੀ ਸਹਿਤ)
(ੳ) **ਤੈਂ** ਸਾਹਿਬ ਕੀ ਕਰਹਿ ਸੇਵ॥ (ਤੁਝ) (੧੧੭੨)
(ਅ) **ਤੈ** ਨਰ ਕਿਆ ਪੁਰਾਨੁ ਸੁਨਿ ਕੀਨਾ॥ (ਤੂੰ) (੧੨੫੩)
(ੲ) ਫਰੀਦਾ, ਜੋ **ਤੈ** ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥ (ਤੈਨੂੰ)
(੧੩੭੮)
(ਸ) **ਤੈ** ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥ (ਤੇਰੇ ਪਾਸੋਂ)
(੧੩੮੧)

6. **ਦੁਲਾਈਆਂ, ਕਿਰਿਆ ਦੇ ਅੰਤ ਵਿਚ ਕਾਰਣਿਕ ਅਰਥਾਂ ਵਿਚ ਵੀ ਵਰਤੀਆਂ ਜਾਂਦੀਆਂ ਹਨ। ਜਿਸ ਦਾ ਭਾਵ ਹੁੰਦਾ ਹੈ ਕਿ ਇਹ ਕਰਨ ਨਾਲ, ਐਹ ਹੁੰਦਾ ਹੈ, ਜਿਵੇਂ :-**

ਸੁਣਿਐ, ਦੂਖ ਪਾਪ ਕਾ ਨਾਸੁ॥ (ਸੁਣਨ ਨਾਲ) (ਜਪੁਜੀ)
ਨਾਨਕ ਫਿਕੈ **ਬੋਲਿਐ** ਤਨੁ ਮਨੁ ਫਿਕਾ ਹੋਇ॥ (ਫਿਕੇ ਬਚਨ ਬੋਲਣ ਨਾਲ)
(੪੭੩)
ਜਿਤੁ **ਸੇਵਿਐ** ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ॥
(ਜਿਸ ਦਾ ਸਿਮਰਨ ਕਰਨ ਨਾਲ)
(੪੭੪)
ਹੁਕਮਿ ਮੰਨਿਐ ਹੋਵੈ ਪਰਵਾਣੁ (ਹੁਕਮ ਮੰਨਣ ਨਾਲ) (੪੭੧)

ਹੋੜਾ (ੋ)

1. **ਕ੍ਰਿਆਵਾਚੀ ਸ਼ਬਦਾਂ ਦੇ ਅੰਤ ਵਿਚ ਹੋੜੇ ਦੀ ਵਰਤੋਂ ਨਾਲ ਕਾਲ ਭੇਦ :**

ਭੂਤ ਕਾਲ, ਅੱਨ ਪੁਰਖ, ਇਕ ਵਚਨ

ਸੁਨਿਬੋ ਸਖੀ ਕੰਤਿ ਹਮਾਰੋ **ਕੀਅਲੋ** ਖਸਮਾਨਾ॥ (੩੭੨)

ਜੋ ਜੋ **ਕੀਨੋ** ਆਪਨੋ ਤਿਸੁ ਅਭੈਦਾਨੁ ਦੀਤਾ॥ (੮੦੯)

ਚਰਣ ਕਮਲ ਕਾ ਆਸਰਾ **ਦੀਨੋ** ਪ੍ਰਭਿ ਆਪਿ॥ (੮੧੭)

ਕੀਅਲ—ਕੀਤਾ। ਕੀਨੋ—ਬਣਾ ਲਿਆ। ਦੀਨੋ—ਦਿਤਾ।

ਭਵਿੱਖਤ ਕਾਲ, ਉਤਮ ਪੁਰਖ, ਇਕ ਵਚਨ

ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ **ਗਾਵਉਗੋ**॥ (੯੭੨)

ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ **ਬਜਾਵਉਗੋ**॥ (੯੭੨)

ਗਾਵਉਂਗੋ—ਮੈਂ ਗਾਵਾਂਗਾ। ਬਜਾਵਉਂਗੋ—ਮੈਂ ਬਜਾਵਾਂਗਾ। (ਸ਼ੁਧ ਉਚਾਰਨ, ਗਾਵਉਂਗੋ ਤੇ ਬਜਾਵਉਂਗੋ ਹੈ)

2. ਜਿਨ੍ਹਾਂ ਕ੍ਰਿਆਵਾਚੀ ਸ਼ਬਦਾਂ ਦੇ ਅੰਤ ਵਿਚ 'ਬੋ' ਆਉਂਦਾ ਹੈ। ਉਹ ਭਵਿੱਖਤ ਕਾਲ ਦੇ ਅਰਥ ਦਿੰਦੇ ਹਨ।

   ਜਉ ਪੈ ਰਸਨਾ ਰਾਮ ਨ **ਕਹਿਬੋ**॥ (ਕਹੇਗਾ) (੩੨੫)

   ਉਪਜਤ ਬਿਨਸਤ ਰੋਵਤ **ਰਹਿਬੋ**॥ (ਰਹੇਗਾ) (੩੨੫)

   ਮੈ ਨ ਮਰਉ **ਮਰਿਬੋ** ਸੰਸਾਰਾ॥ (ਮਰੇਗਾ) (੩੨੫)

   ਸੁਧ ਕਵਨ ਪਰ **ਹੋਇਬੋ** ਸੁਚ ਕੁੰਚਰ ਬਿਧਿ ਬਿਉਹਾਰ॥ (ਹੋਇਗਾ)(੩੪੬)

   ਪਾਰੁ ਕੈਸੇ **ਪਾਇਬੋ** ਰੇ॥ (ਪਾਇਗਾ)(੩੪੬)

   ਨਾ ਕਛੁ **'ਆਇਬੋ'** ਨਾ ਕਛੁ **ਜਾਇਬੋ** ਰਾਮ ਕੀ ਦੁਹਾਈ॥ (ਆਇਗਾ) (੬੯੫)

   ਇਸੇ ਤਰ੍ਹਾਂ, ਬਕਿਬੋ—ਆਖੇਗਾ। ਚਢਿਬੋ—ਚੜ੍ਹੇਗਾ। ਜੈਬੋ—ਜਾਇਗਾ। ਐਬੋ—ਆਇਗਾ।

3. (ੳ) ਛੰਦ ਦੀ ਚਾਲ ਦੀ ਇਕਸਾਰਤਾ ਲਈ ਕਈ ਥਾਵਾਂ ਤੇ ਨਾਵਾਂ ਅਤੇ ਵਿਸ਼ੇਸ਼ਣਾਂ ਦੇ ਅੰਤਲੇ ਅੱਖਰ ਨਾਲ ਹੋੜਾ ਵਰਤਿਆ ਗਿਆ ਹੈ। ਜਿਵੇਂ :- ਮਾਣ ਦੀ ਥਾਂ ਮਾਣੋ, ਕਰਣੈਹਾਰ ਦੀ ਥਾਂ ਕਰਣੈਹਾਰੋ, ਬਿਕਾਰ ਦੀ ਥਾਂ ਬਿਕਾਰੋ, ਨਿਬੇੜਨਹਾਰ ਦੀ ਥਾਂ ਨਿਬੇੜਨਹਾਰੋ, ਜਹਾਨ ਦੀ ਥਾਂ ਜਹਾਨੋ, ਕਰਤਾਰ ਦੀ ਥਾਂ ਕਰਤਾਰੋ ਆਦਿ। ਅਜਿਹੇ ਸ਼ਬਦਾਂ ਵਿਚੋਂ ਹੋੜਾ ਵਰਤਣ ਨਾਲ, ਮੂਲ ਸ਼ਬਦਾਂ ਨਾਲੋਂ ਕੋਈ ਵੱਖਰੇ ਅਰਥ ਨਹੀਂ ਨਿਕਲਦੇ।

   (ਅ) ਬਾਂਗਰ ਦੇਸ਼ ਦੀ ਭਾਸ਼ਾ ਅਨੁਸਾਰ ਕਈ ਨਾਵਾਂ ਨਾਲ 'ਲੋ' ਪਿਛੇਤਰ ਰੂਪ ਵਿਚ ਵਰਤਿਆ ਗਿਆ ਹੈ, ਜਿਵੇਂ :-

   ਪੰਖੀ ਦੀ ਥਾਂ ਪੰਖੀਅਲੋ, ਇਸ ਪ੍ਰਕਾਰ ਘੜੂਅਲੋ, ਮਾਛੂਲੋ।

   (ੲ) ਕਈ ਕ੍ਰਿਆਵਾਚੀ ਸ਼ਬਦਾਂ ਨਾਲ 'ਗੋ' ਪਿਛੇਤਰ ਰੂਪ ਵਿਚ ਵਰਤਿਆ ਗਿਆ ਹੈ, ਜਿਵੇਂ : ਖਾਵੈਗੋ, ਜਾਵੈਗੋ, ਗਾਵੈਗੋ, ਨਿਕਲਾਵੈਗੋ ਆਦਿ।

4. ਹੋੜੇ ਦੀ ਵਰਤੋਂ ਵਾਲੇ ਸ਼ਬਦਾਂ ਵਿਚੋਂ ਸੰਬੰਧਕੀ ਚਿੰਨ੍ਹਾਂ ਦੇ ਅਰਥ ਵੀ

ਨਿਕਲਦੇ ਹਨ, ਜਿਵੇਂ :-

ਜਿਸੁ ਆਇਆ ਹਥਿ ਨਿਧਾਨੁ ਸੁ ਰਹਿਆ **ਭਾਲਣੇ**॥

(ਭਾਲਣ ਤੋਂ) (੯੬੩)

ਓਹੁ ਸਭਨਾ ਕੀ ਰੇਣੁ ਬਿਰਹੀ **ਚਾਰਣੇ**॥ (ਚਰਨਾਂ ਦਾ) (੯੬੩)

ਏਕੋ ਜਪਿ **ਏਕੋ** ਸਾਲਾਹਿ॥ (ਇਕ ਨਿਰੰਕਾਰ ਨੂੰ ਹੀ)(੨੮੯)

ਨਾਮੋ ਨਾਮੁ ਮਿਲੀ ਵਡਿਆਈ ਨਾਨਕ ਨਾਮੁ ਮਨਿ ਭਾਵਏ॥

(ਨਿਰੋਲ ਨਾਮ ਦੀ) (੬੯੦)

ਸਚਾ ਸਾਹਿਬੁ ਏਕੁ ਤੂੰ ਜਿਨਿ **ਸਚੋ ਸਚੁ** ਵਰਤਾਇਆ॥

(ਨਿਰੋਲ ਸੱਚ) (੪੬੭)

5. ਨਾਂਵ ਦੇ ਅੰਤ ਵਿਚ ਹੋੜਾ ਲਗਾ ਕੇ ਸੰਬੋਧਨ ਬਹੁਵਚਨ ਦੇ ਰੂਪ ਵਿਚ ਵੀ ਵਰਤਿਆ ਗਿਆ ਹੈ।

ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈ ਆਸੇ॥

(੭੭੬)

ਜਨੋ—ਹੇ ਜਨੋ॥

ਕਨੌੜਾ (ੌ)

1. ਨਾਵਾਂ ਅਤੇ ਪੜਨਾਵਾਂ ਦੇ ਅੰਤਲੇ ਅੱਖਰ ਨੂੰ ਲੱਗਿਆ ਕਨੌੜਾ, ਤੋਂ, ਦਾ, ਦੇ ਆਦਿ ਸੰਬੰਧਕੀ ਅਰਥ ਦੇਂਦਾ ਹੈ। ਅਜਿਹੇ ਕਨੌੜੇ ਦਾ ਉਚਾਰਨ ਬਿੰਦੀ ਸਹਿਤ ਕੀਤਾ ਜਾਣਾ ਸ਼ੁਧ ਹੈ।

(ੳ) ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨਾ ਸੋਹੈ॥ (ਜਪੁਜੀ)
(ਆਪਣੇ ਆਪ ਤੋਂ)

(ਅ) ਮੁਹੌ, ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥ (ਜਪੁਜੀ)
(ਮੂੰਹ ਤੋਂ)

(ੲ) ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥ (ਜਪੁਜੀ)
(ਜੀਭ ਤੋਂ)

(ਸ) ਤਿਨ ਕੌ ਅਵਤਾਰੁ ਭਯਉ ਕਲ ਭਿੰਤਰਿ ਜਸੁ ਜਗਤ੍ਰ ਪਰ ਛਾਇਯਉ॥
(੧੪੦੫) (ਦਾ)

2. ਕਨੌੜਾ ਜਦੋਂ ਕਿਸੇ ਨਾਂਵ ਦੇ ਪਹਿਲੇ ਜਾਂ ਵਿਚਕਾਰਲੇ ਅੱਖਰ ਤੇ ਲੱਗੇ ਤਾਂ ਬਿੰਦੀ ਦੀ ਵਰਤੋਂ ਘੱਟ ਹੀ ਹੁੰਦੀ ਹੈ। ਪ੍ਰੰਤੂ ਕ੍ਰਿਆਵਾਚੀ ਸ਼ਬਦਾਂ ਦੇ ਅੰਤਲੇ ਅੱਖਰ ਨੂੰ ਲੱਗਾ ਕਨੌੜਾ ਬਿੰਦੀ ਰਹਿਤ ਹੀ ਉਚਾਰਨ ਕੀਤਾ ਜਾਂਦਾ ਹੈ।

(ੳ) ਗੁਣ ਗਾਵੈ ਬਲਿ ਰਾਉ, ਸਪਤ ਪਾਤਾਲਿ ਬਸੰਤੌ॥
ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੌ॥ (੧੩੯੦)

ਫੁਟਕਲ (Miscellaneous)

ਸ਼ਬਦ-ਜੋੜ

(ਿ-ਅੰਤ)

'ਨਾਂਵ' ਦੇ ਪ੍ਰਕਰਨ ਵਿਚ ਅਸੀ ਵੇਖ ਆਏ ਹਾਂ ਕਿ ਮੁਕਤਾ-ਅੰਤ ਪੁਲਿੰਗ ਲਫ਼ਜ਼ਾਂ ਦਾ ਕਰਨ ਕਾਰ ਇਕ-ਵਚਨ, ਅਪਾਦਾਨ ਕਾਰਕ ਇਕ-ਵਚਨ ਅਤੇ ਅਧਿਕਰਨ ਕਾਰਕ ਇਕ-ਵਚਨ (ਿ) ਲਗਾਇਆਂ ਬਣਦਾ ਹੈ। ਪਰ ਅਸੀ ਇਹ ਭੀ ਵੇਖ ਆਏ ਹਾਂ ਕਿ ਕਈ ਲਫ਼ਜ਼ ਹਨ ਹੀ (ਿ-ਅੰਤ); ਜਿਵੇਂ 'ਹਰਿ', 'ਉਸਤਤਿ', 'ਜਗਤਿ', 'ਜੋਤਿ', ਆਦਿਕ। ਇਹ (ਿ-ਅੰਤ) ਲਫ਼ਜ਼ 'ਪੁਲਿੰਗ' ਭੀ ਹਨ ਅਤੇ 'ਇਸਤ੍ਰੀ ਲਿੰਗ' ਭੀ। ਜਦੋਂ ਇਹਨਾਂ (ਿ-ਅੰਤ) ਲਫ਼ਜ਼ਾਂ ਨਾਲ ਕੋਈ 'ਸੰਬੰਧਕ' ਵਰਤਿਆ ਜਾਏ, ਤਾਂ ਇਹ ਅਖ਼ੀਰਲੀ (ਿ) ਭੀ ਟਿਕੀ ਰਹਿੰਦੀ ਹੈ। ਪਾਠਕਾਂ ਨੂੰ ਕਈ ਵਾਰੀ ਭੁਲੇਖਾ ਪੈ ਜਾਂਦਾ ਹੈ ਕਿ ਇਹ ਅੰਤਲੀ (ਿ) ਕਿਸੇ 'ਕਾਰਕ' ਦੀ ਹੈ ਜਾਂ ਲਫ਼ਜ਼ ਦੀ ਆਪਣੀ।

ਸੋ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਤਨੇ ਲਫ਼ਜ਼ ਐਸੇ ਆਏ ਹਨ ਜੋ (ਿ-ਅੰਤ) ਹਨ, ਉਹਨਾਂ ਦੀ ਫ਼ਹਿਰਿਸਤ ਹੇਠ ਦਿੱਤੀ ਜਾਂਦੀ ਹੈ।

ਫ਼ਾਰਸੀ ਤੇ ਅਰਬੀ ਵਿਚੋਂ ਆਏ ਸ਼ਬਦ

(ਇਸਤ੍ਰੀ ਲਿੰਗ) ਨਾਂਵ

(ੳ) ਉਮਤਿ। (ਅ) ਅਕਲਿ, ਆਂਖਿ। (ੲ) ਈਦਿ, ਇਲਤਿ। (ਸ) ਸੁਆਦਤਿ, ਸਾਖਤਿ, ਸਜਾਇ, ਸਨਾਤਿ, ਸਨਾਇ, ਸੁੰਨਤਿ, ਸਿਫਤਿ, ਸਾਬਾਸਿ, ਸਾਬਤਿ, ਸੰਬਤਿ, ਸਰਾਇ, ਸਰੀਅਤਿ, ਸੂਰਤਿ, ਸਲਾਮਤਿ। (ਕ) ਕੁਦਰਤਿ, ਕੀਮਤਿ, ਕਰਾਮਾਤਿ, ਕਵਾਇ। (ਖ) ਖਸਲਤਿ, ਖਿਜਮਤਿ, ਖਬਰਿ, ਖੈਰਿ, ਖਰੀਦਿ। (ਗ) ਗਾਇ, ਗੈਰਤਿ, ਗਰਦਨਿ। (ਜ) ਜਾਇ, ਜਗਾਤਿ, ਜਾਗਾਤਿ, ਜਿਨਸਿ, ਜਰੂਰਤਿ। (ਤ) ਤਾਜਨਿ, ਤਮਾਇ, ਤਰੀਕਤਿ। (ਦ) ਦਉਲਤਿ, ਦੁਆਇ, ਦਾਦਿ, ਦੁਨਿਆਇ। (ਨ) ਨਉਬਤਿ, ਨੀਅਤਿ, ਨਿਆਮਤਿ, ਨਜਰਿ, ਨਦਰਿ। (ਪ) ਪੈਦਾਇਸਿ, ਪੰਦਿ, ਪਨਾਹਿ। (ਫ) ਫਸਲਿ, ਫਦੀਹਤਿ, ਫੁਰਮਾਇਸਿ। (ਬ) ਬਕਰੀਦਿ, ਬਾਗਾਤਿ, ਬੰਦਸਿ, ਬਦ ਦੁਆਇ, ਬਰਕਤਿ, ਬਲਾਇ, ਬਰਾਬਰਿ (-ਰੀ)। (ਭ) ਭਿਸਤਿ (ਨੋਟ : ਭਿਸਤ ਪੁਲਿੰਗ ਭੀ ਹੈ)। (ਮ) ਮਸਕਤਿ, ਮਸੀਤਿ, ਮਸੂਰਤਿ, ਮਸਲਤਿ, ਮਹਜਿਦਿ, ਮਾਹੀਤਿ, ਮੁਹਬਤਿ, ਮਿਹਰੰਮਤਿ, ਮਿਹਰਾਮਤਿ, ਮੁਹਲਤਿ, ਮਕਸਤਿ, ਮਜਲਸਿ, ਮੁਦਤਿ, ਮਿੰਨਤਿ, ਮਾਰਫਤਿ। (ਯ) ਯਾਦਿ। (ਰ) ਰਾਇ, ਰਈਅਤਿ, ਰਜਾਇ, ਰਯਤਿ। (ਲ) ਲਹਰਿ। (ਵ) ਵਲਾਇਤਿ। (ਹ) ਹਕੀਕਤਿ, ਹਿਕਮਤਿ, ਹੁਜਤਿ, ਹੈਰਤਿ, ਹੁਰਮਤਿ, ਹਵਾਇ।

ਪੁਲਿੰਗ

ਅਲਾਹਿ, ਹਦਰਥਿ, ਖੁਦਾਇ, ਤਾਮਿ।

ਵਿਸ਼ੇਸ਼ਣ

ਅਸਲਿ, ਸਤਰਿ, ਫਾਦਿਲੁਬਾਦਿ, ਫਨਾਇ, ਬਹਤਰਿ, ਬਰਾਬਰਿ।

ਪੜਨਾਂਵ

ਖੁਦਿ।

ਕ੍ਰਿਆ ਵਿਸ਼ੇਸ਼ਣ

ਅਵਲਿ, ਅਉਲਿ, ਗੈਲ, ਵਜਹਿ, ਮਨਹਿ।

ਸੰਬੰਧਕ

ਨਜੀਕਿ।

ਸੰਸਕ੍ਰਿਤ ਨਾਂਵ (ਇਸਤ੍ਰੀ ਲਿੰਗ)

(ੳ) ਉਸਤਤਿ, ਉਕਤਿ, ਉਤਪਤਿ, ਉਪਾਧਿ। (ਅ) ਅਸਿ, ਅਹੰਬੁਧਿ, ਅਗਨਿ, ਆਦਿ, ਅਰਦਾਸਿ, ਅਵਿਗਤਿ। (ਸ) ਸਕਤਿ, ਸੰਗਤਿ, ਸੁਚਿ, ਸਾਂਤਿ, ਸੰਤਤਿ, ਸਿਧਿ, ਸੁਧਿ, ਸੁੰਧਿ, ਸੰਪਤਿ, ਸਮਾਧਿ, ਸਿਮ੍ਰਿਤਿ, ਸੁਮਤਿ, ਸ੍ਰਿਸਟਿ, ਸਰਣਿ, ਸੁਰਤਿ, ਸਰਣਾਗਤਿ, ਸ੍ਰੁਤਿ, ਸਰਨਿ, ਸ੍ਵਸਤਿ। (ਹ) ਹਾਨਿ। (ਕ) ਕੀਟਿ, ਕੰਠਿ, ਕਾਮਣਿ, ਕਿਰੋਣਿ, ਕਿਰਤਿ, ਕੀਰਤਿ, ਕ੍ਰਿਮਿ। (ਗ) ਗੋਸਟਿ, ਗਤਿ, ਗੀਤਿ, ਗੁਰਮਤਿ। (ਚ) ਚੰਦ੍ਰਾਵਲਿ। (ਛ) ਛਬਿ। (ਜ) ਜੁਗਤਿ, ਜਾਤਿ, ਜੋਤਿ, ਜੋਨਿ, ਜਨਨਿ। (ਤ) ਤੋਟਿ, ਤਾਤਿ, ਤਪਤਿ, ਤਰੁਣਿ, ਤਰੁਨਿ, ਤਾਰਿ, ਤ੍ਰਿਪਤਿ, ਤਿਪਤਿ। (ਦ) ਦ੍ਰਿਸਟਿ, ਦਾਤਿ, ਦੁਰਮਤਿ। (ਧ) ਧਰਣਿ, ਧਰਨਿ, ਧੂਲਿ। (ਨ) ਨਾਭਿ, ਨਾਰਿ, ਨਿਭਰਾਤਿ। (ਪ) ਪ੍ਰੀਤਿ, ਪ੍ਰਤੀਤਿ, ਪਰਸੂਤਿ, ਪਰਕ੍ਰਿਤਿ, ਪਰਤੀਤਿ, ਪਰੀਤਿ, ਪਰਾਪਤਿ, ਪਾਲਿ। (ਬ) ਬਿਆਧਿ, ਬਿਧਿ, ਬੁਧਿ, ਬਾਣਿ, ਬਿਪਤਿ, ਬਿਭੂਤਿ। (ਭ) ਭਗਤਿ, ਭੁਗਤਿ, ਭਾਂਤਿ, ਭੀਤਿ, ਭਿਤਿ, ਭੂਮਿ, ਭ੍ਰਾਂਤਿ, ਭਰਾਂਤਿ, ਭ੍ਰਮਨਿ। (ਮ) ਮੁਸਟਿ, ਮੁਕਤਿ, ਮਤਿ, ਮਿਤਿ, ਮੇਦਨਿ, ਮੂਰਤਿ। (ਰ) ਰਾਸਿ, ਰਜਨਿ, ਰਤਿ, ਰੀਤਿ, ਰਿਧਿ, ਰੋਮਾਵਲਿ।

ਪੁਲਿੰਗ

ਉਦਧਿ, ਅਹਿ, ਸਸਿ, ਸਾਰਥਿ, ਸੁਰਪਤਿ, ਸਾਸਤ੍ਰਗਿ। ਹਸਤਿ, ਹਰਿ, ਕਪਿ, ਕਲਿ, ਕਵਿ, ਗੋਬਿੰਦਰਾਇ, ਗਿਰਿ। ਚਕ੍ਰਪਾਣਿ, ਚਿੰਤਾਮਨਿ, ਛਤ੍ਰਪਤਿ। ਜਮਦਗਨਿ, ਜਲਧਿ, ਜਲਨਿਧਿ। ਦਧਿ। ਨਿਧਿ, ਨਰਹਰਿ, ਨਰਪਤਿ, ਨ੍ਰਿਪਤਿ। ਪਤਿ, ਪੁਰਖ ਪਤਿ। ਬਨਸਪਤਿ, ਬਿਰੰਚਿ, ਬਲਿ, ਬ੍ਰਿਹਸਪਤਿ, ਭੂਪਤਿ, ਭਰਥਰਿ, ਮਣਿ, ਮੁਨਿ, ਮੋਨਿ, ਮੁਰਾਰਿ। ਰਿਖਿ, ਰਵਿ।

ਵਿਸ਼ੇਸ਼ਣ

ਅਮਿਤਿ, ਸਿਰੋਮਣਿ, ਕੋਟਿ, ਚਾਰਿ, ਸਠਿ, ਤੀਨਿ, ਤ੍ਰਿਬਿਧਿ, ਬਿਬਿਧ।

ਸੰਬੰਧਕ

ਉਪਕੰਠਿ, ਉਪਰਿ, ਊਪਰਿ, ਅੰਤਰਿ, ਨਿਕਟਿ, ਨਿਰੰਤਰਿ, ਪ੍ਰੀਤਿ, ਮਧਿ।

ਕ੍ਰਿਆ ਵਿਸ਼ੇਸ਼ਣ

ਉਪਜੰਪਿ, ਉਰਧਿ, ਅਹਿਨਿਸਿ, ਅੰਤਰਿ, ਅੰਤਰਿ ਬਾਹਰਿ, ਆਦਿ, ਨਿਤਪ੍ਰਤਿ, ਨਾਨਾ ਬਿਧਿ, ਨਿਕਟਿ, ਨਿਰੰਤਰਿ, ਪੁਨਰਪਿ।

ਪ੍ਰਾਕ੍ਰਿਤ ਤੇ ਪੰਜਾਬੀ ਨਾਂਵ (ਇਸਤ੍ਰੀ ਲਿੰਗ)

(ੳ) ਉਚਾਪਤਿ, ਓਪਤਿ। (ਅ) ਅਸਤਿ, ਅਸਥਿਤਿ, ਅਹਰਣਿ, ਆਗਿ, ਅਗਿ, ਅਜਾਤਿ, ਐਠਿ, ਆਢਿ, ਆਣਿ, ਅਨਾਹਤਿ, ਅਨੀਤਿ, ਆਥਿ, ਆਨਿ, ਅਰਦਾਸਿ, ਆੜਿ। (ੲ) ਇਕਾਂਤਿ। (ਸ) ਸੋਇ, ਸਉਕਨਿ, ਸਉੜਿ, ਸੁਅਸਤਿ, ਸਿਸਟਿ, ਸਸੁੜਿ, ਸੁਚਿ, ਸੰਚਨਿ, ਸਿਵਾਣਿ, ਸਾਟਿ, ਸਨਾਤਿ, ਸੰਨ੍ਹਿ, ਸੰਬਤਿ, ਸੋਰਠਿ, ਸਰੋਤਿ, ਸਰਣਿ, ਸੁਰਤਿ, ਸਿਰਤਿ, ਸਰਨਿ, ਸਰਪਨਿ, ਸੂਲਿ, ਸਲਿ ਬਿਸਲਿ, ਸੀਵਨਿ। (ਹ) ਹਾਟਿ, ਹਾਣਿ, ਹਾਨਿ। (ਕ) ਕੁਆਰਿ, ਕਸਿ, ਕਸਨਿ, ਕਾਛਿ, ਕਾਣਿ, ਕਛੋਤਿ, ਕਾਨਿ, ਕੁਬਾਣਿ, ਕੁਬੁਧਿ, ਕਾਬਿ, ਕਮਜਾਤਿ, ਕਾਮਣਿ, ਕਾਮਣਿਆਰਿ, ਕੁਮਤਿ, ਕਿਰਤਿ, ਕਰਤੂਤਿ, ਕੂਲਿ। (ਖ) ਖੂਹਣਿ, ਖਿੰਚੋਤਾਣਿ, ਖਾਨਿ, ਖਪਤਿ, ਖੋਰਿ, ਖੀਰਿ, ਖਲਿ। (ਗ) ਗੋਇ, ਗਾਇ, ਗੋਸਟਿ, ਗੋਇਲਿ, ਗੇਹਣਿ, ਗੀਹਣਿ, ਗਾਗਰਿ, ਗਾਂਠਿ, ਗੰਠਿ, ਗੰਢਿ। ਗੋਦਾਵਰਿ, ਗੋਨਿ, ਗਾਰਿ, ਗਰਦਨਿ, ਗਾਲ੍ਹਿ, ਗੈਲਿ, ਗਿਲਾਨਿ। (ਘ) ਘਾਣਿ, ਘੂਮਨਘੇਰਿ, ਘੂਮਰਿ, ਘਾੜਤਿ। (ਚ) ਚਉਕੜਿ, ਚਉਪੜਿ, ਚਿਤਵਨਿ, ਚੇਰਿ। (ਛ) ਛੋਹਰਿ, ਛਾਛਿ, ਛੋਟਿ, ਛੂਟੜਿ, ਛੂਟਰਿ, ਛਤਿ, ਛੋਤਿ, ਛਾਨਿ, ਛਾਪਰਿ। (ਜ) ਜੋਇ, ਜੂਠਿ, ਜੁਗਤ੍ਹਿ, ਜਤਿ, ਜੀਰਾਦਿ, ਜੋਨਿ, ਜਲਣਿ, ਜਲਨਿ, ਜੀਵਨਿ। (ਝ) ਝਤਿ। (ਟ) ਟੂਟਨਿ। (ਠ) ਠਾਡਿ। (ਡ) ਡੀਠਿ, ਡੰਡਉਤਿ, ਡੋਰਿ। (ਤ) ਤਿਕਲਿ, ਤੇਜਣਿ, ਤੋਟਿ, ਤਾਤਿ। (ਥ) ਥਿਤਿ, ਥੀਤਿ, ਥੂਨਿ, ਥਿਟਿਟਿ। (ਦ) ਦਿਸਟਿ, ਦੂਣਿ, ਦਿਤਿ, ਦੋਤਿ, ਦਾਮਨਿ, ਦਾਵਨਿ, ਦਾਲਿ। (ਧ) ਧ੍ਰੋਹਨਿ, ਧੁੰਧਿ, ਧੂਰਿ, ਧੀਰਿ, ਧੁਨਿ, ਧਰਤਿ, ਧਰਨਿ, ਧਰਣਿ, ਧੂੜਿ। (ਨ) ਨੀਹਿ, ਨਾਰਿ, ਨਿਰਤਿ, ਨਰਵਿਰਤਿ, ਨਿਰਵਿਰਤਿ, ਨਿਵਲਿ, ਨਵਹਾਣਿ। (ਪ) ਪਾਂਇ, ਪਹਿਤਿ, ਪ੍ਰਹਮਿ, ਪਿਠਿ, ਪੀਠਿ, ਪਤਲਿ, ਪਧਤਿ, ਪਰਭਾਤਿ, ਪਰੀਤਿ, ਪਬਣਿ, ਪ੍ਰਿਥਮਿ, ਪਰਾਲਿ, ਪਰਵਿਰਤਿ, ਪੁਰਾਇਨਿ, ਪਰਸੂਤਿ, ਪਲਰਿ, ਪਾਵਸਿ। (ਫ) ਫਕੜਿ, ਫੂੜਿ। (ਬ) ਬਾਇ=(ਵਾਇ), ਬਈਅਰਿ, ਬਿਖੋਟਿ, ਬਿਜੁਲਿ, ਬੀਜੁਲਿ, ਬੰਧਚਿ, ਬੇਦਨਿ, ਬੰਧਾਨਿ, ਬੇਨਤਿ, ਬਾਰਿ, ਬੇਰਿ, ਬਿਪਤਿ, ਬਰਤਨਿ, ਬਿਰਤਿ, ਬਾਨਿ, ਬਾਰਿ (ਵਾੜਿ), ਬੇਲਿ, ਬਿਥਿ। (ਭ) ਭੁਇ, ਭਸਮੜਿ, ਭਾਹਿ, ਭਠਿ, ਭਿਤਿ, ਭੀਤ੍ਹਿ, ਭੀਰਿ, ਭਰਾਂਤਿ, ਭਰਾਂਦਿ, ਭਾਵਰਿ, ਭਾੜਿ। (ਮ) ਮਾਇ, ਮੁਸਟਿ, ਮੁਹਤਿ, ਮਿਚਲਿ, ਮੋਹਨਿ, ਮਾਂਗਨਿ, ਮੁੰਦਣਿ। (ਰ) ਰਾਸਿ, ਰਹਿਰਾਸਿ, ਰੰਗੀਨ, ਰਾਗਨਿ, ਰੰਗਣਿ, ਰੰਙਣਿ, ਰੈਣਿ, ਰੈਨਿ, ਰਾਤਿ, ਰੁਤਿ, ਰਯਨਿ, ਰਾਰਿ, ਰਵਣਿ। (ਲ) ਲਾਹਣਿ, ਲਾਹਨਿ, ਲੇਖਣਿ, ਲਾਗਿ, ਲੂਟਿ, ਲੇਟਣਿ, ਲਬਧਿ। (ਵ) ਵਾਇ, ਵਿਖੋਟਿ, ਵੇਗਾਰਿ, ਵਾਰਿ, ਵਿਰਤਿ, ਵਰਤਣਿ, ਵੇਲਿ, ਵਾੜਿ। (ੜ) ੜਾੜਿ।

ਪੁਲਿੰਗ

ਉਦਧਿ, ਕਬਿ, ਨਖਿਆਤਿ, ਪੰਖਿ, ਬੇਣਿ, ਬਨਰਾਇ, ਬਨਾਰਸਿ, ਰਾਇ।

ਵਿਸ਼ੇਸ਼ਣ

ਅਠਸਠਿ, ਅਨੰਨਿ, ਆਦਿ, ਕੋਰਿ, ਕਰੋੜਿ, ਘਟਿ, ਘੁਘਿ, ਚਉਸਠਿ, ਚਾਰਿ, ਚਿਲਮਿਲਿ, ਝਿਲਮਿਲਿ, ਤੀਨਿ, ਧਨਾਢਿ, ਬਿਰਧਿ, ਬਿਪਰੀਤਿ, ਭਾਗਠਿ, ਮਸਟਿ।

ਸੰਬੰਧਕ

ਊਪਰਿ, ਅਰਥਿ, ਅੰਦਰਿ, ਅੰਤਰਿ, ਸਾਥਿ, ਸੰਗਿ, ਸਮਸਰਿ, ਸਰਿ, ਸਮਾਨਿ, ਸਮੇਤਿ, ਹੇਠਿ, ਕੰਨਿ, ਤੁਰਿ, ਤਲਿ, ਤੁਲਿ, ਧਿਰਿ, ਨਜੀਕਿ, ਨਾਲਿ, ਪਰਿ, ਪਾਸਿ, ਪਾਹਿ, ਪਹਿ, ਬਿਚਿ, ਬਦਲਾਵਨਿ, ਬਰਾਬਰਿ, ਭਤਿ, ਭੀਤਰਿ, ਭਰਿ, ਮਹਿ, ਮਾਹਿ, ਮੰਝਿ, ਮਝਾਰਿ, ਮਝੂਰਿ, ਵਾਗਿ, ਵਿਚਿ।

ਕ੍ਰਿਆ ਵਿਸ਼ੇਸ਼ਣ

ਓਤਿ ਪੋਤਿ, ਓੜਿ, ਉਪਜੰਪਿ, ਉਰਧਿ, ਅਜਾਇ, ਅਤਿ, ਅੰਤਿ, ਇਨ ਬਿਧਿ। ਸਾਸਿ ਗਿਰਾਸਿ, ਸਦਾਕਾਰਿ, ਸਿਰਿ ਭਾਰਿ, ਸਰਬਤਿ, ਹਜੂਰਿ, ਹੁਣਿ, ਹਦੂਰਿ, ਕਿਉ ਕਰਿ, ਕਿਤੁ ਭਤਿ, ਕਿਤੁ ਅਰਧਿ, ਕਲਿ, ਕਦਿ, ਕਾਹਿ, ਕਾ ਕਰਿ, ਕਤਹਿ (ਨ)। ਜੌ ਕਰਿ, ਜੇ ਕਰਿ, ਜਿਤੁ ਕਰਿ, ਜਿਹ ਧਿਰਿ, ਜੁਗਿ ਜੁਗਿ, ਜਿਧਰਿ, ਜਿਨਿ (=ਮਤ), ਜਮਿ, ਝਬਕਿ, ਝਿੰਮਿ ਝਿੰਮਿ। ਤਉਪਰਿ, ਤਦਿ, ਤਬਹਿ, ਤਾਮਿ, ਦਬਦਿਸਿ, ਦਿਨਸੁ ਰੈਣਿ, ਦੂਰਿ, ਦੂਰਹਿ, ਧੁਰਿ, ਧ੍ਰਕਿ, ਨਾਹਿ, ਨਾਹਨਿ, ਨੀਮਿ, ਨਿਦਾਨਿ, ਨਾਨਾ ਬਿਧਿ, ਨੇਰਿ, ਨੇੜਿ। ਪਾਰਿ, ਪੂਰਿ, ਪੂਰੁ ਕਰਿ, ਪਰਤਖਿ, ਫੁਨਿ, ਫਿਰਿ, ਘਿਰਿ, ਫਿਰਿ ਫਿਰਿ, ਫਰੌਕਿ, ਬੇਗ, ਬਾਦਿ, ਬਾਦਹਿ, ਬਹੁਰਿ, ਬਾਹੁੜਿ, ਬਹੋਰਿ, ਭਰਪੂਰਿ, ਮਨਹਿ, ਮੂਲਿ। ਯਦਿ, ਰੇਗਿ, ਵਖਿ, ਵਤਿ, ਵਲਿ ਵਲਿ, ਵਾਰਿ ਵਾਰਿ।

****

ਸਦਾ ਯਾਦ ਰੱਖੋ !

1. ਸਿੱਖ ਨੇ ਕੇਵਲ ਇਕ ਅਕਾਲ ਪੁਰਖ ਦਾ ਨਾਮ ਹੀ ਸਿਮਰਨਾ ਹੈ, ਜੋ ਸਭ ਨੂੰ ਪੈਦਾ ਕਰਨ ਵਾਲਾ, ਪਾਲਣ ਵਾਲਾ ਅਤੇ ਮਾਰ ਸਕਣ ਦੇ ਸਮਰੱਥ ਹੈ।
2. ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕਿਸੇ ਦੇਹਧਾਰੀ ਨੂੰ ਗੁਰੂ ਨਹੀਂ ਮੰਨਣਾ ਤੇ ਨਾ ਹੀ ਕਿਸੇ ਅੱਗੇ ਮੱਥਾ ਟੇਕਣਾ ਹੈ।
3. ਸਿੱਖ ਨੇ ਅੰਮ੍ਰਿਤ ਵੇਲੇ ਉੱਠ ਕੇ, ਇਸ਼ਨਾਨ ਕਰਕੇ, ਵਾਹਿਗੁਰੂ ਦਾ ਸਿਮਰਨ ਕਰਨਾ ਹੈ ਤੇ ਫਿਰ ਗੁਰਬਾਣੀ ਦਾ ਪਾਠ/ਨਿੱਤਨੇਮ ਕਰਨਾ ਹੈ।
4. ਗੁਰਬਾਣੀ ਦਾ ਪਾਠ ਕਰਨ ਸਮੇਂ ਕਾਹਲੀ ਨਹੀਂ ਕਰਨੀ। ਪਿਆਰ, ਸਤਿਕਾਰ ਨਾਲ ਮਨ ਜੋੜ ਕੇ, ਸਮਝ ਕੇ, ਸ਼ੁੱਧ ਪਾਠ ਕਰਨਾ ਚਾਹੀਦਾ ਹੈ।
5. ਗੁਰਸਿੱਖ ਨੇ ਹਰ ਰੋਜ਼ ਗੁਰਦੁਆਰੇ ਜਾ ਕੇ ਕੀਰਤਨ, ਕਥਾ, ਸਰਵਣ ਕਰਕੇ ਲਾਹਾ ਲੈਣਾ ਹੈ। ਸਿੱਖ ਲਈ ਧਾਰਮਿਕ ਅਸਥਾਨ ਕੇਵਲ ਗੁਰਦੁਆਰਾ ਹੀ ਹੈ।
6. ਸਿੱਖ ਨੇ ਆਪਸ ਵਿਚ ਮਿਲਣ ਸਮੇਂ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਹੀ ਬੁਲਾਉਣੀ ਹੈ।
7. ਗੁਰਬਾਣੀ ਦੀਆਂ ਪੋਥੀਆਂ, ਗੁਟਕਿਆਂ ਆਦਿ ਨੂੰ ਰੁਮਾਲ ਵਿਚ ਲਪੇਟ ਕੇ ਸਤਿਕਾਰ ਨਾਲ ਰੱਖਣਾ ਹੈ ਤੇ ਜੂਠੇ ਹੱਥ ਨਹੀਂ ਲਾਉਣੇ।
8. ਸਿੱਖ ਨੇ ਸਦਾ ਆਪਣਾ ਨਾਮ 'ਸਿੰਘ' ਜਾਂ 'ਕੌਰ' ਸ਼ਬਦ ਸਮੇਤ ਪੂਰਾ ਲਿਖਣਾ ਹੈ। ਨਾਮ ਨਾਲ ਜਾਤ ਨਹੀਂ ਲਿਖਣੀ।
9. ਸਿੱਖ ਧਰਮ ਵਿਚ ਪ੍ਰਭੂ ਦੇ ਨਾਮ ਸਿਮਰਨ ਨੂੰ ਹੀ 'ਸੱਚਾ ਤੀਰਥ' ਮੰਨਿਆ ਗਿਆ ਹੈ। ਹੋਰ ਤੀਰਥ ਯਾਤਰਾ, ਇਸ਼ਨਾਨਾਂ ਦੀ ਸਿੱਖ ਧਰਮ ਵਿਚ ਕੋਈ ਮਹੱਤਤਾ ਨਹੀਂ।
10. ਸਿੱਖ ਨੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਜਾਣਾ ਹੈ ਤਾਂ ਕਿ ਸਿੱਖ ਇਤਿਹਾਸ ਦੀ ਜਾਣਕਾਰੀ ਹੋ ਸਕੇ ਤੇ ਸਿੱਖ ਆਪਣੇ ਬਹੁਮੁੱਲੇ ਵਿਰਸੇ ਤੋਂ ਜਾਣੂ ਹੋ ਸਕੇ।
11. ਸਿੱਖ ਨੇ ਕੁਸ਼ਤੀਆਂ, ਤੇ ਹੋਰ ਖੇਡਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣਾ ਹੈ ਪਰ ਗੰਦੀਆਂ ਫਿਲਮਾਂ ਅਤੇ ਗੰਦੇ ਨਾਟਕਾਂ, ਜਿਨ੍ਹਾਂ ਵਿਚ ਗੰਦੇ ਸੀਨ ਵਿਖਾਏ ਜਾਂਦੇ ਹਨ, ਤੋਂ ਪ੍ਰਹੇਜ਼ ਕਰਨਾ ਹੈ।
12. ਸਿੱਖ ਨੇ ਕਦੀ ਵੀ, ਕਿਸੇ ਕਿਸਮ ਦਾ ਨਸ਼ਾ (ਸ਼ਰਾਬ, ਭੰਗ, ਅਫੀਮ, ਚਰਸ, ਤੰਮਾਕੂ, ਸਿਗਰਟ, ਸਮੈਕ) ਆਦਿ ਨਹੀਂ ਵਰਤਣਾ।
13. ਸਿੱਖ ਲੜਕੀਆਂ ਲਈ ਨੱਕ, ਕੰਨ ਛੇਦਣਾ ਤੇ ਨੱਕ ਕੰਨ ਵਿਚ ਛੇਦਕ ਗਹਿਣੇ ਪਾਉਣੇ ਸਿੱਖ ਰਹਿਤ ਮਰਯਾਦਾ ਅਨੁਸਾਰ ਮਨ੍ਹਾਂ ਹੈ।
14. ਸਿੱਖ ਇਸਤਰੀਆਂ ਲਈ ਘੁੰਢ ਕੱਢਣਾ ਵੀ ਮਨ੍ਹਾਂ ਹੈ।
15. ਸਿੱਖ ਮਰਦਾਂ ਜਾਂ ਇਸਤਰੀਆਂ ਲਈ ਨੰਗੇ ਸਿਰ ਬਜ਼ਾਰਾਂ ਵਿਚ ਘੁੰਮਣਾ ਅਤੇ ਨੰਗੇ ਸਿਰ ਰਹਿਣਾ ਮਨ੍ਹਾਂ ਹੈ। ਕੇਸਾਂ ਦੇ ਸਤਿਕਾਰ ਲਈ ਹਰ ਸਮੇਂ ਦਸਤਾਰ ਜਾਂ ਚੁੰਨੀ ਨਾਲ ਕੇਸ ਢਕ ਕੇ ਰੱਖਣੇ ਹਨ।
16. ਸਿੱਖ ਇਸਤਰੀਆਂ ਨੇ ਕਿਸੇ ਤਰ੍ਹਾਂ ਦਾ ਕੋਈ ਵਰਤ ਨਹੀਂ ਰੱਖਣਾ। ਕਰਵਾ ਚੌਥ, ਪੂਰਨਮਾਸ਼ੀ, ਮੱਸਿਆ ਆਦਿ ਦੇ ਵਰਤ ਰੱਖਣਾ ਨਿਰੋਲ ਮਨਮਤ ਹੈ।

सिख मिशनरी कालेज की खोज भरपूर पुस्तकें

प्रकाशन नः — मूल्य

बच्चों के लिये

- [illegible] सिख धर्म की प्राथमिक जानकारी — 6/-
- 70 दस गुरुओं का संक्षिप्त इतिहास — 11/-
- 53 खून शहीदों का (16 चित्रों सहित) — 10/-
- 213 सिख धर्म प्रश्नोत्तरी भाग-1 — 7/-
- 214 सिख धर्म प्रश्नोत्तरी भाग-2 — 10/-
- 215 सिख धर्म प्रश्नोत्तरी भाग-3 — 17/-
- 216 सिख धर्म प्रश्नोत्तरी भाग-4 — 19/-

गुरबाणी व्याख्या

- 87 गुरबाणी व्याख्या भाग-1 — 5/-
- 88 गुरबाणी व्याख्या भाग-2 — 6/-
- 89 गुरबाणी व्याख्या भाग-3 — 9/-
- 90 गुरबाणी व्याख्या भाग-4 — 6/-
- 268 चुनींदा शब्दों की व्याख्या भाग-5 — 8/-
- 258 चुनींदा शब्दों की व्याख्या भाग-8 — 6/-

गुरबाणी स्टीक (अर्थ)

- 157 जपु जी साहिब सटीक — 10/-
- 158 जापु साहिब सटीक — 9/-
- 161 त्व प्रसादि सवय्ये सटीक — 4/-
- 97 सम्पूर्ण रहरासि साहिब तथा सोहिला — 9/-
- 141 33 सवैये सटीक — 6/-
- 212 [illegible] सटीक — 6/-
- 250 अनंदु साहिब सटीक — 6/-
- 260 बारहमाहा सटीक (तुखारी व माझ) — 8/-
- 261 अकाल उस्तति में से कबितों की व्याख्या — 7/-
- 244 रामकली की वार (राय बलवंड सतै डूमि आखी) — 3/-
- 235 सिद्ध गोसटि सटीक — 11/-
- 236 आनन्द कारज (सिख विवाह पद्धति) — 5/-
- 263 नितनेम सटीक — 34/-

जीवनियां

- 103 जीवन यात्रा गुरु नानक देव जी — 15/-
- 174 जीवन यात्रा गुरु अंगद देव जी — 10/-
- 221 जीवन वृतांत श्री गुरु अमरदास जी — 21/-
- 264 जीवन वृतांत गुरु रामदास जी — 15/-
- 252 जीवन वृतांत गुरु अर्जुन देव जी — 19/-
- 234 गुरु अर्जुन देव जी की शहीदी — 8/-
- 262 अदम्य पुरुष जीवन वृतांत गुरु गोबिन्द सिंघ जी — 23/-
- 62 बाबा बंदा सिंघ बहादुर — 6/-
- 31 नवाब कपूर सिंघ — 4/-
- 35 स. जस्सा सिंघ आहलुवालिया — 6/-
- 43 भाई मनी सिंघ जी — 4/-
- 54 भाई [illegible] सिंघ जी — 6/-
- 55 सरदार जस्सा सिंघ रामगढ़िया — 5/-
- 40 भाई [illegible] जी — 5/-
- 43 ज्ञानी दित्त सिंघ — 4/-
- 45 भाई महाराज सिंघ — 3/-
- 69 महाराज रणजीत सिंघ — 5/-
- 37 स: शाम सिंघ अटारी — 4/-

प्रकाशन नः — मूल्य

- [illegible] — [illegible]
- [illegible] — [illegible]
- [illegible] यां — 9/-
- 242 सिख धर्म के महान विद्वान — 7/-

शिक्षाप्रद साखियां

- [illegible] शिक्षाप्रद साखियां भाग-1 — 4/-
- [illegible] शिक्षाप्रद साखियां भाग-2 — 5/-
- 146 शिक्षाप्रद साखियां भाग-3 — 7/-
- 165 शिक्षाप्रद साखियां भाग-4 — 5/-
- 269 शिक्षाप्रद साखियां भाग-6 — 8/-

मोर्चे व लहरें

- [illegible] अकाली आन्दोलन — 4/-
- [illegible] मोर्चा गंगसर जैतो — 4/-
- [illegible] मोर्चा गुरु [illegible] — 5/-
- [illegible] — 7/-
- 237 [illegible] ननकाना साहिब — 5/-
- [illegible] — 9/-
- [illegible] गुरुद्वारा सुधार लहर — 10/-

सिख धर्म का प्रचार

- [illegible] पंथ दर्दीओ कुछ करो भाग-1 — 7/-
- [illegible] पंथ दर्दीओ कुछ करो भाग-2 — 5/-

सिख विचारधारा (दर्शन)

- 30 सिख जीवन पद्धति — 5/-
- 84 खालसा की परिकल्पना — 5/-
- 102 शब्द गुरु एवं देहधारी गुरुडंम — 10/-
- 81 सिख धर्म फिलासफी भाग-1 — 11/-
- 98 सिख धर्म फिलासफी भाग-2 — 13/-
- [illegible] सिख धर्म फिलासफी भाग-3 — 5/-
- 218 सिख धर्म फिलासफी भाग-4 — 13/-
- 219 सिख धर्म फिलासफी भाग-5 — 15/-
- 220 मूर्ति पूजा — 9/-
- 257 त्याग खालसा — 9/-
- 230 श्री गुरु तेग बहादुर जी के उपदेश — 3/-
- 95 गुरु मानीओ ग्रंथ — 8/-
- 92 सिख [illegible] दा — 5/-
- [illegible] सिमरन कैसे करें — 4/-
- 209 सिखी नये युग का धर्म — 5/-
- [illegible] सबद विचार — 5/-
- [illegible] — 30/-

तुलनात्मिक अध्ययन

- 22[illegible] ईसाई मत और गुरमति — [illegible]
- 232 जैन मत और गुरमति — 5/-
- 249 सिखी और समाजवाद — 4/-

प्रकाशन नः — मूल्य

- [illegible] — 4/-
- [illegible] — 6/-

मिश्रित

- [illegible] आज़ादी की लड़ाई में सिखों का योगदान — 6/-
- 192 [illegible] सिख मतिगुरां वल्ल पाइआं — 5/-
- [illegible] गुरु मीता — 12/-
- 162 [illegible] और मेरा संवाद — 5/-
- [illegible] य कैसे हो — 6/-
- 226 कबीर साहिब की विचारधारा औरसमाज सुधार — 3/-

ENGLISH BOOKS

- 177 The Baisakhi — 3/-
- 56 Basic Principles of Sikhism — 6/-
- 58 Why Am I a Sikh? — 3/-
- 164 Propagation of Sikh Thought — 5/-
- 223 Sikhism — 4/-
- 224 Sikhism-A Universal Message — 22/-
- 246 Brief History of the Sikh Gurus — 20/-
- 222 Teaching Sikh Heritage to the Youth — 18/-
- 91 Guru Nanak's Impact on History — 9
- 181 Blood of Martyrdom — 9
- 172 Sikh Sakhies for the Youth — 16/-
- 173 The Khalsa Generals — 12
- 210 Guru Nanak Dev Ji & His Religion — 4

ਪ੍ਰੋ. ਸਾਹਿਬ ਸਿੰਘ ਲਿਖਤ ਪੁਸਤਕਾਂ ਦੀ ਸੂਚੀ

- ਗੁਰਬਾਣੀ ਵਿਆਕਰਣ — 80/-
- [illegible] ਬਾਰੇ — 50/-
- [illegible] ਇਤਿਹਾਸ ਬਾਰੇ — 36/-
- [illegible] ਦਾ ਟਾਕਰਾ — [illegible]
- ਸਿੱਖ ਸਿਦਕ ਨਾ ਹਾਰੇ — 30/-
- ਸਰਬੱਤ ਦਾ ਭਲਾ — 35/-
- ਧਰਮ ਤੇ ਸਦਾਚਾਰ — 30/-
- ਸਦਾਚਾਰਕ ਲੇਖ — 25/-
- ਜੀਵਨ ਬ੍ਰਿਤਾਂਤ ਗੁਰੂ ਹਰਿਗੋਬਿੰਦ ਸਾਹਿਬ ਜੀ — 8/-
- ਜੀਵਨ ਬ੍ਰਿਤਾਂਤ ਗੁਰੂ ਹਰਿਰਾਏ, ਗੁਰੂ ਹਰਿਕ੍ਰਿਸ਼ਨ ਜੀ — 6/-
- ਜੀਵਨ ਬ੍ਰਿਤਾਂਤ ਗੁਰੂ ਤੇਗ ਬਹਾਦਰ ਸਾਹਿਬ — 6/-
- ਭੱਟਾਂ ਦੇ ਸਵੱਈਏ ਸਟੀਕ — 45/-
- ਸਲੋਕ ਫਰੀਦ ਜੀ ਸਟੀਕ — 30/-
- ਸਲੋਕ ਕਬੀਰ ਜੀ ਸਟੀਕ — 40/-
- 1 ਭਗਤ ਬਾਣੀ ਸਟੀਕ (12 ਭਗਤਾਂ ਦੀ) — [illegible]
- 2 ਬਾਣੀ ਭਗਤ ਰਵਿਦਾਸ ਜੀ ਸਟੀਕ — [illegible]
- 3 [illegible] — [illegible]
- 4 [illegible] ਕਬੀਰ ਜੀ ਸਟੀਕ (1) — [illegible]
- 5 [illegible] ਜੀ ਸਟੀਕ (2) — 65/-
- [illegible] — [illegible]
- ਗੁਰੂ ਗ੍ਰੰਥ ਸਾਹਿਬ ਦਰਪਣ [illegible] (ਨਵਾਂ ਡੀਲੈਕਸ ਐਡੀਸ਼ਨ) — [illegible]

ਸਿੱਖ ਮਿਸ਼ਨਰੀ ਕਾਲਜ ਦੀਆਂ ਖੋਜ ਭਰਪੂਰ ਪੁਸਤਕਾਂ

ਬੱਚਿਆਂ ਲਈ

ਪ੍ਰਕਾਸ਼ਨ ਨੰ:		ਰੁਪਏ
41	ਸਿੱਖ ਧਰਮ ਦੀ ਮੁੱਢਲੀ ਜਾਣਕਾਰੀ	7/-
42	ਸੰਖੇਪ ਇਤਿਹਾਸ ਦਸ ਗੁਰ ਸਾਹਿਬਾਨ	10/-
43	ਖ਼ੂਨ ਸ਼ਹੀਦਾਂ ਦਾ (16 ਚਿੱਤਰਾਂ ਸਮੇਤ)	10/-
152	ਖ਼ਾਲਸੇ ਦੇ ਦਰਬਾਰ ਵਿਚ ਬ੍ਰਾਹਮਣ ਦੀ ਪੁਕਾਰ (ਸਚਿੱਤਰ)	20/-
203	ਸਿੱਖ ਧਰਮ ਪ੍ਰਸ਼ਨੋਤਰੀ ਭਾਗ – 1	8/-
204	ਸਿੱਖ ਧਰਮ ਪ੍ਰਸ਼ਨੋਤਰੀ ਭਾਗ – 2	10/-
205	ਸਿੱਖ ਧਰਮ ਪ੍ਰਸ਼ਨੋਤਰੀ ਭਾਗ – 3	17/-
206	ਸਿੱਖ ਧਰਮ ਪ੍ਰਸ਼ਨੋਤਰੀ ਭਾਗ – 4	19/-
100	ਗੁਰਮਤਿ ਡਾਇਰੀ (ਬੱਚਿਆਂ ਲਈ)	5/-
285	ਸ਼ਹੀਦ ਸੁੱਖਾ ਸਿੰਘ ਮਹਿਤਾਬ ਸਿੰਘ (ਸਚਿੱਤਰ)	20/-

ਕਵਿਤਾਵਾਂ

ਪ੍ਰਕਾਸ਼ਨ ਨੰ:		ਰੁਪਏ
113	ਚੋਣਵੀਆਂ ਕਵਿਤਾਵਾਂ	9/-
116	ਅਣਖੀਲਾ ਪੰਥ (ਕਵਿਤਾਵਾਂ)	13/-
142	ਸ਼ਹੀਦੀ ਸਾਕੇ (ਕਾਵਿ ਪ੍ਰਸੰਗ)	4/-
211	ਸਿੱਖੀ ਦੀ ਮਹਿਕ (ਬੱਚਿਆਂ ਲਈ)	5/-
312	ਉਠੋ ਸਿੰਘੋ ਪੰਥ ਜਗਾਓ (ਕਵਿਤਾਵਾਂ)	15/-
420	ਨੂਰੀ ਝਲਕਾਂ	22/-

ਸ਼ਬਦਾਂ ਦੀ ਵਿਆਖਿਆ

ਪ੍ਰਕਾਸ਼ਨ ਨੰ:		ਰੁਪਏ
33	ਚੋਣਵੇਂ ਸ਼ਬਦਾਂ ਦੀ ਵਿਆਖਿਆ ਭਾਗ-1	7/-
34	ਚੋਣਵੇਂ ਸ਼ਬਦਾਂ ਦੀ ਵਿਆਖਿਆ ਭਾਗ-2	8/-
35	ਚੋਣਵੇਂ ਸ਼ਬਦਾਂ ਦੀ ਵਿਆਖਿਆ ਭਾਗ-3	6/-
36	ਚੋਣਵੇਂ ਸ਼ਬਦਾਂ ਦੀ ਵਿਆਖਿਆ ਭਾਗ-4	6/-
37	ਚੋਣਵੇਂ ਸ਼ਬਦਾਂ ਦੀ ਵਿਆਖਿਆ ਭਾਗ-5	8/-
38	ਚੋਣਵੇਂ ਸ਼ਬਦਾਂ ਦੀ ਵਿਆਖਿਆ ਭਾਗ-6	6/-
39	ਚੋਣਵੇਂ ਸ਼ਬਦਾਂ ਦੀ ਵਿਆਖਿਆ ਭਾਗ-7	6/-
40	ਚੋਣਵੇਂ ਸ਼ਬਦਾਂ ਦੀ ਵਿਆਖਿਆ ਭਾਗ-8	5/-
156	ਚੋਣਵੇਂ ਸ਼ਬਦਾਂ ਦੀ ਵਿਆਖਿਆ (8 ਭਾਗ ਇੱਕ ਜਿਲਦ)	45/-

ਸਟੀਕ

ਪ੍ਰਕਾਸ਼ਨ ਨੰ:		ਰੁਪਏ
106	ਜਪੁ ਜੀ ਸਾਹਿਬ ਸਟੀਕ	9/-
119	ਜਾਪੁ ਸਾਹਿਬ ਸਟੀਕ	7/-
114	ਤ੍ਵ-ਪ੍ਰਸਾਦਿ ਸਵੱਯੇ ਤੇ ਚੌਪਈ ਸਟੀਕ	3/-
129	ਅਨੰਦੁ ਸਾਹਿਬ ਸਟੀਕ	5/-
31	ਰਹਰਾਸਿ ਤੇ ਸੋਹਿਲਾ ਸਟੀਕ	7/-
151	ਨਿੱਤਨੇਮ ਸਟੀਕ	30/-
30	ਆਸਾ ਕੀ ਵਾਰ ਸਟੀਕ	20/-
150	ਸੁਖਮਨੀ ਸਾਹਿਬ ਸਟੀਕ	17/-
136	ਸਦੁ ਸਟੀਕ (ਮਿਰਤਕ ਸੰਸਕਾਰ)	10/-
120	ਬਾਰਹਮਾਹਾ ਸਟੀਕ (ਰਾਗ ਤੁਖਾਰੀ ਤੇ ਮਾਝ)	9/-
54	ਅਨੰਦ ਕਾਰਜ (ਲਾਵਾਂ) ਸਟੀਕ	5/-
159	ਰਾਮਕਲੀ ਕੀ ਵਾਰ (ਸੱਤਾ ਤੇ ਬਲਵੰਡ)	3/-
10	20 ਕਬਿੱਤ ਸਟੀਕ (ਅਕਾਲ ਉਸਤਤਿ 'ਚੋਂ)	6/-
5	33 ਸਵੱਈਏ ਸਟੀਕ (ਅਕਾਲ ਉਸਤਤਿ 'ਚੋਂ)	6/-
160	ਜ਼ਫ਼ਰਨਾਮਾ ਸਟੀਕ	6/-
194	ਸਿਧ ਗੋਸਟਿ ਸਟੀਕ	11/-
280	ਅਲਾਹਣੀਆ ਸਟੀਕ	6/-

ਜੀਵਨੀਆਂ

ਪ੍ਰਕਾਸ਼ਨ ਨੰ:		ਰੁਪਏ
44	ਜੀਵਨ ਗਾਥਾ ਸ੍ਰੀ ਗੁਰੂ ਨਾਨਕ ਦੇਵ ਜੀ	23/-
45	ਜੀਵਨ ਗਾਥਾ ਸ੍ਰੀ ਗੁਰੂ ਅੰਗਦ ਦੇਵ ਜੀ	14/-
46	ਜੀਵਨ ਗਾਥਾ ਸ੍ਰੀ ਗੁਰੂ ਅਮਰਦਾਸ ਜੀ	17/-
168	ਜੀਵਨ ਗਾਥਾ ਸ੍ਰੀ ਗੁਰੂ ਰਾਮਦਾਸ ਜੀ	14/-
195	ਜੀਵਨ ਗਾਥਾ ਸ੍ਰੀ ਗੁਰੂ ਅਰਜਨ ਦੇਵ ਜੀ	16/-
9	ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ	10/-
374	ਜੀਵਨ ਗਾਥਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ	17/-
393	ਜੀਵਨ ਗਾਥਾ ਗੁਰੂ ਹਰਿ ਰਾਇ ਜੀ	4/-
394	ਜੀਵਨ ਗਾਥਾ ਗੁਰੂ ਹਰਿ ਕ੍ਰਿਸ਼ਨ ਜੀ	3/-
398	ਜੀਵਨ ਗਾਥਾ ਗੁਰੂ ਤੇਗ ਬਹਾਦਰ ਜੀ	12/-
105	ਮਰਦ ਅਗੰਮੜਾ (ਜੀਵਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ)	20/-
19	ਬਾਬਾ ਬੰਦਾ ਸਿੰਘ ਬਹਾਦਰ	8/-
52	ਸ਼ਹੀਦ ਭਾਈ ਮਨੀ ਸਿੰਘ ਜੀ	4/-
26	ਨਵਾਬ ਕਪੂਰ ਸਿੰਘ ਜੀ	4/-
20	ਸ: ਜੱਸਾ ਸਿੰਘ ਰਾਮਗੜ੍ਹੀਆ	5/-
21	ਸ: ਜੱਸਾ ਸਿੰਘ ਆਹਲੂਵਾਲੀਆ	8/-
69	ਮਹਾਰਾਜਾ ਰਣਜੀਤ ਸਿੰਘ	7/-
17	ਸ: ਹਰੀ ਸਿੰਘ ਨਲੂਆ	5/-
18	ਅਕਾਲੀ ਫੂਲਾ ਸਿੰਘ	4/-
58	ਗਿਆਨੀ ਦਿੱਤ ਸਿੰਘ	4/-
71	ਬਾਬਾ ਗੁਰਦਿੱਤ ਸਿੰਘ (ਕਾਮਾਗਾਟਾ ਮਾਰੂ)	4/-
77	ਸ: ਸ਼ਾਮ ਸਿੰਘ ਅਟਾਰੀ	5/-
59	ਸਿੱਖ ਧਰਮ ਦੇ ਮਹਾਨ ਵਿਦਵਾਨ	6/-
85	ਚੋਣਵੀਆਂ ਸਿੱਖ ਜੀਵਨੀਆਂ	8/-
25	ਭਾਈ ਨੰਦ ਲਾਲ ਸਿੰਘ	5/-
11	ਭਾਈ ਗੁਰਦਾਸ ਜੀ	6/-
121	ਭਾਈ ਮਹਾਰਾਜ ਸਿੰਘ	3/-
227	ਭਗਤ ਨਾਮਦੇਵ ਜੀ	8/-
184	ਭਗਤ ਰਵਿਦਾਸ ਜੀ	5/-
170	ਸ਼ੇਖ ਫਰੀਦ ਜੀ	4/-
317	ਭਗਤ ਕਬੀਰ ਜੀ	6/-
409	ਸੇ ਭਗਤ ਪਏ ਦਰਿ ਥਾਇ (11 ਭਗਤਾਂ ਦੇ ਜੀਵਨ)	11/-

ਸਾਖੀਆਂ

ਪ੍ਰਕਾਸ਼ਨ ਨੰ:		ਰੁਪਏ
13	ਚੋਣਵੀਆਂ ਸਾਖੀਆਂ – ਭਾਗ 1	8/-
14	ਚੋਣਵੀਆਂ ਸਾਖੀਆਂ – ਭਾਗ 2	6/-
15	ਚੋਣਵੀਆਂ ਸਾਖੀਆਂ – ਭਾਗ 3	7/-
16	ਚੋਣਵੀਆਂ ਸਾਖੀਆਂ – ਭਾਗ 4	6/-
131	ਚੋਣਵੀਆਂ ਸਾਖੀਆਂ – ਭਾਗ 5	6/-
132	ਚੋਣਵੀਆਂ ਸਾਖੀਆਂ – ਭਾਗ 6	7/-
155	ਚੋਣਵੀਆਂ ਸਾਖੀਆਂ (6 ਭਾਗ ਇੱਕ ਜਿਲਦ)	27/-

ਪ੍ਰਚਾਰ ਸਮੱਸਿਆ

ਪ੍ਰਕਾਸ਼ਨ ਨੰ:		ਰੁਪਏ
2	ਪੰਥ ਦਰਦੀਓ ! ਕੁਝ ਕਰੋ ! (ਭਾਗ -1)	9/-
3	ਪੰਥ ਦਰਦੀਓ ! ਕੁਝ ਕਰੋ ! (ਭਾਗ -2)	5/-

ਮੋਰਚੇ ਤੇ ਲਹਿਰਾਂ

ਪ੍ਰਕਾਸ਼ਨ ਨੰ:		ਰੁਪਏ
6	ਸਾਕਾ ਨਨਕਾਣਾ ਸਾਹਿਬ	5/-
7	ਮੋਰਚਾ ਗੁਰੂ ਕਾ ਬਾਗ	5/-
8	ਮੋਰਚਾ ਗੰਗਸਰ ਜੈਤੋ	6/-
86	ਗੁਰਦੁਆਰਾ ਸੁਧਾਰ ਲਹਿਰ	8/-
57	ਸਿੰਘ ਸਭਾ ਲਹਿਰ	8/-
22	ਬੱਬਰ ਅਕਾਲੀ ਲਹਿਰ	5/-
60	ਸਿੱਖ ਮਿਸਲਾਂ	7/-
130	ਅਕਾਲੀ ਲਹਿਰ	7/-

ਗੁਰਮਤਿ ਵਿਚਾਰਧਾਰਾ

ਪ੍ਰਕਾਸ਼ਨ ਨੰ:		ਰੁਪਏ
23	ਸ਼ਬਦ ਗੁਰੂ ਦੀ ਮਹੱਤਤਾ	13/-
24	ਗੁਰੂ ਮਾਨਿਓ ਗ੍ਰੰਥ	11/-
4	ਖ਼ਾਲਸਾ ਨਿਰੂਪਣ	4/-
12	ਸਿੱਖ ਜੀਵਨ ਜਾਚ	4/-
27	ਨਿਆਰਾ ਖ਼ਾਲਸਾ	6/-
197	ਸਿੱਖ ਜੀਵਨ ਜਾਚ, ਖ਼ਾਲਸਾ ਨਿਰੂਪਣ, ਨਿਆਰਾ ਖਾਲਸਾ (ਇਕ ਜਿਲਦ)	12/-
276	ਦਸਮ ਗ੍ਰੰਥ ਦਰਪਣ	4/-
200	ਮਨਮੁਖਿ ਰੈਣਿ ਅੰਧਾਰ	20/-
109	ਸਿੱਖੀ ਨਵੇਂ ਯੁੱਗ ਦਾ ਧਰਮ	5/-
110	ਸਿਮਰਨ ਕਿਵੇਂ ਕਰੀਏ ?	4/-
111	ਨਾਮ ਕੀ ਹੈ ਤੇ ਕਿਵੇਂ ਜਪੀਏ ?	11/-
208	ਜੀਵਨਾ ਸਫ਼ਲ ਜੀਵਨ	13/-
78	ਸਿੱਖ ਰਹਿਤ ਮਰਯਾਦਾ	2/-
140	ਸ਼ਬਦ ਵੀਚਾਰ ਦੀਆਂ ਬਰਕਤਾਂ	5/-
99	ਗੁਰੂ ਤੇਗ ਬਹਾਦਰ ਸਾਹਿਬ ਦੇ ਉਪਦੇਸ਼	4/-
196	ਸਵਾਲ ? ਜਵਾਬ	32/-
193	ਮੂਰਤੀ ਪੂਜਾ	10/-
198	ਮੀਰੀ ਤੋਂ ਪੀਰੀ	8/-
271	ਧਰਮ, ਵਿਗਿਆਨ ਅਤੇ ਵਿਦਿਆਰਥੀ	5/-
272	ਜਨਮ ਸਾਖੀਆਂ ਅਤੇ ਜਨਮ ਸਾਖੀ ਪਰੰਪਰਾ	6/-
276	ਰਹਿਤ ਤੇ ਰਹਿਤਨਾਮੇ	6/-
278	ਭਾਈ ਤਰਮਤੋੜ ਸਿੰਘ	13/-
313	ਜਾਪੁ ਸਾਹਿਬ ਵਿਚਾਰ ਦਰਸ਼ਨ	5/-
316	ਦੀਵਾ ਬਲੈ ਅੰਧੇਰਾ ਜਾਇ	16/-
421	ਗੁਰਮਤਿ ਸਾਰ	30/-

ਸਿੱਖ ਧਰਮ ਫ਼ਿਲਾਸਫ਼ੀ

ਪ੍ਰਕਾਸ਼ਨ ਨੰ:		ਰੁਪਏ
47	ਸਿੱਖ ਧਰਮ ਫ਼ਿਲਾਸਫ਼ੀ (ਭਾਗ-1)	13/-
48	ਸਿੱਖ ਧਰਮ ਫ਼ਿਲਾਸਫ਼ੀ (ਭਾਗ-2)	13/-
51	ਸਿੱਖ ਧਰਮ ਫ਼ਿਲਾਸਫ਼ੀ (ਭਾਗ-3)	8/-
49	ਸਿੱਖ ਧਰਮ ਫ਼ਿਲਾਸਫ਼ੀ (ਭਾਗ-4)	13/-
50	ਸਿੱਖ ਧਰਮ ਫ਼ਿਲਾਸਫ਼ੀ (ਭਾਗ-5)	13/-
154	ਸਿੱਖ ਧਰਮ ਫ਼ਿਲਾਸਫ਼ੀ (ਪੰਜ ਭਾਗ ਇੱਕ ਜਿਲਦ)	54/-

ਵਿਆਕਰਣ ਤੇ ਸ਼ੁੱਧ ਉਚਾਰਨ

ਪ੍ਰਕਾਸ਼ਨ ਨੰ:		ਰੁਪਏ
28	ਗੁਰਬਾਣੀ ਵਿਆਕਰਣ ਦੇ ਸਰਲ ਨੇਮ	13/-
29	ਗੁਰਬਾਣੀ ਦਾ ਸ਼ੁੱਧ ਉਚਾਰਨ	8/-
175	'ਯ' ਅੱਖਰ ਦੀ ਬਹੁ ਭਾਂਤੀ ਵਰਤੋਂ	3/-

ਤੁਲਨਾਤਮਿਕ ਧਰਮ ਅਧਿਐਨ

ਪ੍ਰਕਾਸ਼ਨ ਨੰ:		ਰੁਪਏ
32	ਸਿੱਖੀ ਤੇ ਸਮਾਜਵਾਦ	4/-
74	ਯੋਗ ਦਰਸ਼ਨ ਤੇ ਗੁਰਮਤਿ	4/-
93	ਜੈਨ ਮੱਤ, ਬੁੱਧ ਮੱਤ ਤੇ ਗੁਰਮਤਿ	5/-
82	ਹਿੰਦੂ ਮੱਤ ਤੇ ਗੁਰਮਤਿ	5/-
76	ਈਸਾਈ ਮੱਤ, ਯਹੂਦੀ ਮੱਤ ਤੇ ਗੁਰਮਤਿ	4/-
75	ਇਸਲਾਮ ਤੇ ਗੁਰਮਤਿ	4/-
201	ਉਪਰੋਕਤ ਛੇ ਪੁਸਤਕਾਂ ਇੱਕ ਜਿਲਦ	20/-

ਫੁਟਕਲ

ਪ੍ਰਕਾਸ਼ਨ ਨੰ:		ਰੁਪਏ
416	ਸਿੱਖਾਂ ਦੀ ਸੰਖੇਪ ਗਾਥਾ (1469-2000)	15/-
418	ਇਤਿਹਾਸਕ ਸਿੱਖ ਬੀਬੀਆਂ	16/-
415	ਮਨ ਜੀਤੈ ਜਗੁ ਜੀਤੁ	9/-
202	ਗੁਰਬਾਣੀ ਸ਼ਬਦ ਕੋਸ਼	17/-
400	ਗੁਰਬਾਣੀ ਮੁਹਾਵਰਾ ਕੋਸ਼	36/-
148	ਸਾਧੂ ਦਇਆ ਨੰਦ ਨਾਲ ਮੇਰਾ ਸੰਬਾਦ (ਗਿ: ਦਿੱਤ ਸਿੰਘ)	11/-
55	ਅਨਮਤੀ ਤਿਉਹਾਰਾਂ ਦਾ ਸਿੱਖ ਧਰਮ 'ਤੇ ਪ੍ਰਭਾਵ	3/-
73	ਅਨਮੋਲ ਰਤਨ (ਸ਼ਬਦ ਸੰਗ੍ਰਹਿ)	4/-
96	ਭਾਰਤ ਦੀ ਆਜ਼ਾਦੀ ਵਿਚ ਸਿੱਖਾਂ ਦਾ ਹਿੱਸਾ	8/-
266	ਕਸ਼ਮੀਰ ਦੇ ਸਿੱਖ ਸ਼ਹੀਦ	6/-
115	ਚਿੱਠੀਆਂ ਲਿਖ ਸਤਿਗੁਰਾਂ ਵੱਲ ਪਾਈਆਂ	6/-
107	ਗੁਰਮੁਖੀ ਅੱਖਰ ਗਿਆਨ (ਹਿੰਦੀ–ਪੰਜਾਬੀ ਟੀਚਰ)	4/-
101	ਸਿੱਖ ਮਿਸ਼ਨਰੀ ਡਾਇਰੀ	12/-
118	ਤੇਰੀ ਦੁਨੀਆਂ ਮੇਰੀ ਦੁਨੀਆਂ (ਆਪ ਬੀਤੀਆਂ)	13/-
117	ਸ਼ਬਦ ਲਗੈ ਗੁਰ ਮੀਠਾ (ਆਪ ਬੀਤੀਆਂ)	12/-
149	ਸਰੀਰ ਅਰੋਗ ਕਿਵੇਂ ਹੋਵੇ ?	5/-
199	ਅਨੰਦਪੁਰ ਸਾਹਿਬ ਦੇ ਗੁਰਦੁਆਰੇ	9/-
267	ਸਿੱਖ ਅਜਾਇਬ-ਘਰ	40/-
281	ਗੁਰਬਾਣੀ ਦੇ ਚਾਨਣ ਵਿਚ ਕੁਝ ਪ੍ਰਸ਼ਨ ਉੱਤਰ	30/-
282	ਜ਼ਿੰਦਾ ਸ਼ਹੀਦ ਭਾਈ ਤਖ਼ਤ ਸਿੰਘ	85/-
283	ਸਦਾ ਮਨਿ ਚਾਉ	19 -
287	ਸਰਦਾਰ ਜੀ	5 -
296	ਪ੍ਰਾਚੀਨ ਇਤਿਹਾਸਕ ਗ੍ਰੰਥ	5/-
297	ਸੇਵਾ ਪੰਥੀ ਸੰਪਰਦਾ	3/-
314	ਸਹਿਜ ਪਾਠ ਡਾਇਰੀ	3/-
361	ਜੀਵਨ-ਜੁਗਤਿ	6/-

ਕੀਰਤਨ ਸਿਖਲਾਈ

ਪ੍ਰਕਾਸ਼ਨ ਨੰ:		ਰੁਪਏ
259	ਸਵੱਰ ਸਮੁੰਦ	14/-
273	ਸਬਦੁ ਅਨਾਹਦੁ	10/-
274	ਰਾਗ ਅਤੇ ਰਸ	16/-
275	ਰਾਗ ਰਤਨ	15/-
279	ਗੁਰਮਤਿ ਸੰਗੀਤ ਪ੍ਰਕਾਸ਼	20/-
284	ਰਾਗ ਨਾਦ	20/-
286	ਵਿਸਮਾਦੀ ਸੰਗੀਤ	17/-
288	ਸ਼ਬਦ ਸੁਰ ਸਾਂਝ	17/-
300	ਨਿਰਮਲ ਨਾਦ	20/-
306	ਸੰਗੀਤ ਕਲਾ	11/-
315	ਰੰਗਲੇ ਰਾਗ	11/-

Laser Typesetting & Title Design by : Career Computer Systems, Jalandhar. Tel. 2239373
Printed By : Deepak Printers, Back Side Car Wali Kothi, Jalandhar. Tel. : 98157-17330